ੴ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣੁ ਹੋਆ ।।

# ਭਾਈ ਘਨੱਈਆ

# ਸੇਵਾ ਜੋਤੀ


Visit us : www.sewajyoti.org

ਨਵੰਬਰ
ਸੰਨ 2001



ਚੜਿਆ ਸੋਧਣ ਧਰਤ ਲੁਕਾਈ

ਸੰਤ ਆਸ਼ਰਮ ਨਾਨਕਸਰ ਸੀਘੜਾ ਵਿਖੇ ਮਹੰਤ ਤੀਰਥ ਸਿੰਘ ਜੀ ਦੇ ਪਧਾਰਣ ਸਮੇਂ
ਸੰਤ ਬਾਬਾ ਰਾਮ ਸਿੰਘ ਜੀ ਵੱਲੋਂ ਹੋਏ ਨਿੱਘੇ ਸਵਾਗਤ ਦੇ ਦ੍ਰਿਸ਼ ।





ਸੰਤ ਬਾਬਾ ਰਾਮ ਸਿੰਘ ਜੀ ਨਾਲ ਸੰਤ ਬਾਬਾ ਤੀਰਥ ਸਿੰਘ ਤੇ ਸੰਤ ਰਣਜੀਤ ਸਿੰਘ ਜੀ ਦੇ ਦਰਸ਼ਨ ਹੋ ਰਹੇ ਹਨ



ਸੰਤ ਬਾਬਾ ਕਾਹਨ ਸਿੰਘ ਜੀ ਐਕੂਪ੍ਰੈਸ਼ਰ ਅਤੇ ਮੈਗਨਿਟ੍ ਪ੍ਰਣਾਲੀ ਦੇ ਵਿਸ਼ਾਲ ਮੁਫ਼ਤ ਕੈਂਪ ਦਾ ਉਦਘਾਟਨ ਕਰਦੇ ਹੋਏ
ਜੋ ਮਿਤੀ 30-9-2001 ਤੋਂ 6-10-2001 ਤੱਕ ਲਾਇਨਜ਼ ਕਲੱਬ ਗੋਨਿਆਣਾ ਗਰੇਟਰ ਦੇ ਸਹਿਯੋਗ ਨਾਲ ਲਾਇਆ ਗਿਆ ।

ਤ੍ਰਾ

ਸਾਲ : 18ਵ

ਮੁੱਖ ਸਰਪ੍ਰਸਤ
ਸਰਪ੍ਰਸਤ

ਮੁੱਖ ਸਲਾਹਕ

ਸੰਪਾਦਕੀ ਬੋ

ਲੜੀ ਨੰ :


1. ਮੰਘਿਰਿ ਦ
2. ਗੁਰੂ ਨਾਨ
3. 532ਵੇਂ ਪ੍ਰ
4. ਵਿਸ਼ੇਸ਼ ਸੰ
6. ਪ੍ਰੋਗਰਾਮ
7. ਕਥਾ ਸੁਖਮ
8. ਸੋ ਦਰੁ ਰ
9. ਬਾਦਸ਼ਾਹ
9. ਗੁਰੂ ਨਾਨਕ
10. ਗੁਰੂ ਨਾਨਕ
11. ਸ੍ਰੀ ਗੁਰੂ ਗ
12. ਸ੍ਰੀ ਹਰਿਮੰਦ
13. ਬਾਬਾਣੀਯਾਂ
14. ਸ਼੍ਰੀ ਗੁਰੂ
15. ਵਰ - ਘਰ


ਤ: ਘ: ਸੇਵਾ ਜੋਤੀ

੧ੴ ਸਤਿਗੁਰ ਪ੍ਰਸਾਦਿ ॥

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥

# ਭਾਈ ਘਨੱਈਆ ਸੇਵਾ ਜੋਤੀ

ਪੰਜਾਬੀ ਮਾਸਿਕ

ਸਾਲ : 18ਵਾਂ  ਅੰਕ ਨੰ : 11  ਨਵੰਬਰ 2001  ਕੀਮਤ :ਅਮੁੱਲ

ਮੁੱਖ ਸਰਪ੍ਰਸਤ : ਸੰਤ ਬਾਬਾ ਤੀਰਥ ਸਿੰਘ ਸੇਵਾ ਪੰਥੀ Ph.0164-262012 Mob:98140-32957

ਸਰਪ੍ਰਸਤ : ਸੰਤ ਕਾਹਨ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ ਫ਼ੋਨ 263333 ਮੋਬਾ: 98140-04503, ਮਹੰਤ ਈਸ਼ਵਰ ਦਾਸ ਸ਼ਾਸਤਰੀ ਜਲੰਧਰ, ਸੰਤ ਹਰਪਾਲ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ, ਸੰਤ ਗੁਰਚਰਨ ਸਿੰਘ ਮੋਬਾ: 98140-02004, ਸੰਤ ਰਣਜੀਤ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ ਫ਼ੋਨ : 262276 ਮੋਬਾ: 98140-35191, ਸ੍ਰ: ਤ੍ਰਿਲੋਚਣ ਸਿੰਘ ਸੇਠੀ ਮੁੰਬਈ।

ਮੁੱਖ ਸਲਾਹਕਾਰ : ਸ੍ਰ: ਵਜਿੰਦਰ ਸਿੰਘ ਐਡਵੋਕੇਟ ਅੰਬਾਲਾ, ਸ੍ਰ: ਨਰਿੰਦਰ ਸਿੰਘ 'ਸੋਚ' ਅੰਮ੍ਰਿਤਸਰ, ਸ: ਸੁਰਜਨ ਸਿੰਘ ਘੁਲਿ:ਮੋਬਾ :98140-86207 ਸਰਦਾਰਨੀ ਭੁਪਿੰਦਰ ਕੌਰ ਪਤਨੀ ਸ੍ਰ: ਜੀ · ਐਸ · ਬਜਾਜ ਦਿੱਲੀ, ਸ੍ਰ: ਜਸਪਾਲ ਸਿੰਘ ਹਿੰਦੁਸਤਾਨ ਰੈਫਰੀਜੇਸ਼ਨ ਦਿੱਲੀ।

**ਸੰਪਾਦਕੀ ਬੋਰਡ** ਮੁੱਖ ਸੰਪਾਦਕ : ਚਮਨ ਸਿੰਘ "ਚਮਨ" ਮੋਬਾ : **98140-75504**

**Internet Edition Editor : ਭੁਪਿੰਦਰ ਸਿੰਘ ਸੇਵਾ-ਪੰਥੀ Ph. 262657**

ਸ: ਸੰਪਾਦਕ : ਅਮਰਜੀਤ ਸਿੰਘ "ਮਾਛੀਵਾੜਾ" Ph. 262051

## ਤਤਕਰਾ


| ਲੜੀ ਨੰ : | ਲੇਖ | ਪ੍ਰਕਾਸ਼ਮਾਨ ਜੋਤਾਂ | ਪੰਨਾ |
|---|---|---|---|
| 1. | ਮੰਘਿਰਿ ਦਾ ਮੂਲ ਪਾਠ ਤੇ ਵਿਸ਼ੇਸ਼ ਤਿੱਥ-ਤਿਉਹਾਰ | ਸਹਾਇਕ ਸੰਪਾਦਕ | 2 |
| 2. | ਗੁਰੂ ਨਾਨਕ ਸਿੱਖਿਆ ਦੇ ਕੁਝ ਪਹਿਲੂ | ਚਮਨ ਸਿੰਘ 'ਚਮਨ' | 3 |
| 3. | 532ਵੇਂ ਪ੍ਰਕਾਸ਼ ਉਤਸਵ ਦੀਆਂ ਲੱਖ-ਲੱਖ ਵਧਾਈਆਂ | ਸੰਪਾਦਕ | 5 |
| 4. | ਵਿਸ਼ੇਸ਼ ਸੰਦੇਸ਼ (ਅਵਤਾਰ-ਪੁਰਬ) | ਸੰਤ ਪ੍ਰੀਤਮ ਸਿੰਘ | 6 |
| 6. | ਪ੍ਰੋਗਰਾਮ ਪ੍ਰਚਾਰ ਯਾਤਰਾ | ਮੈਨੇਜਰ ਇੰਦਰਜੀਤ ਸਿੰਘ | 7 |
| 7. | ਕਥਾ ਸੁਖਮਨੀ ਸਾਹਿਬ (ਕਿਸਤ ਨੰ: ੫੨) | ਤੀਰਥ ਸਿੰਘ 'ਸੇਵਾ ਪੰਥੀ' | 9 |
| 8. | ਸੋ ਦਰੁ ਰਹਿਰਾਸ ਸਾਹਿਬ (ਕਿਸਤ ਨੰ: ੨੭) | ਸੰਤ ਕਾਹਨ ਸਿੰਘ 'ਸੇਵਾ ਪੰਥੀ' | 12 |
| 9. | ਬਾਦਸ਼ਾਹ ਦਰਵੇਸ਼ ਗੁਰੁ ਗੋਬਿੰਦ ਸਿੰਘ | ਭਾਈ ਨੰਦ ਲਾਲ ਜੀ ਗੋਯਾ | 14 |
| 9. | ਗੁਰੂ ਨਾਨਕ ਦੇਵ ਜੀ ਦੀ ਸੰਸਾਰ ਫੇਰੀ ਦਾ ਸੰਖੇਪ | ਗੁਰਮੀਤ ਕੌਰ 'ਮੀਤ' | 15 |
| 10. | ਗੁਰੂ ਨਾਨਕ ਉਰਦੂ ਸ਼ਾਇਰਾਂ ਦੀ ਨਜ਼ਰ ਵਿਚ | ਸ੍ਰੀ ਬੁਧ ਰਾਮ ਜੀ ਕਲਸੀਆ | 17 |
| 11. | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ਸਤਿਬੀਰ ਸਿੰਘ | 22 |
| 12. | ਸ੍ਰੀ ਹਰਿਮੰਦਰ ਸਾਹਿਬ | ਪ੍ਰੋ: ਬਲਵਿੰਦਰ ਪਾਲ ਸਿੰਘ | 33 |
| 13. | **बाबाणीयां-कहाणीयां** | **जोगिन्द्र सिंह 'सागर'** | 36 |
| 14. | **श्री गुरू नानक देव जी** (विद्वानों की दृष्टि में) | **जोगिन्द्र सिंह 'सागर'** | 38 |
| 15. | ਵਰ - ਘਰ | ਭੁਪਿੰਦਰ ਸਿੰਘ 'ਸੇਵਾ ਪੰਥੀ' | 40 |

ੴ ਸਤਿਗੁਰ ਪ੍ਰਸਾਦਿ ॥

# ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

## ਮੰਘਿਰਿ

ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥
ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥
ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥
ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥
ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥
ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥
ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥
ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥੧੦॥੧॥

| | | | | |
|---|---|---|---|---|
| ਸੰਮਤ ਬਿਕ੍ਰਮੀ | 2058 | ਗੁਰਪੁਰਬ ਤੇ ਵਿਸ਼ੇਸ਼ ਦਿਵਸ | ਪੂਰਨਮਾਸ਼ੀ | 1-30 ਨਵੰਬਰ |
| ਸੰਮਤ ਨਾਨਕਸ਼ਾਹੀ | 532-33 | | ਮੱਸਿਆ | 15 ਨਵੰਬਰ |
| ਸੰਮਤ ਖ਼ਾਲਸਾ | 303 | ਨਵੰਬਰ | ਸੰਗਰਾਂਦ | 16 ਨਵੰਬਰ |
| ਸੰਮਤ ਸਾਕਾ | 1923 | 2001 | ਪੰਚਮੀ | 20 ਨਵੰਬਰ |

| | | |
|---|---|---|
| ★ ਅਵਤਾਰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ | 3 ਨਵੰਬਰ | ਸ਼ਨੀਵਾਰ |
| ★ ਜੋਤੀ-ਜੋਤਿ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ | 9 ਨਵੰਬਰ | ਸ਼ੁੱਕਰਵਾਰ |
| ★ ਗੁਰਿਆਈ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ | 9 ਨਵੰਬਰ | ਸ਼ੁੱਕਰਵਾਰ |
| ★ ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਨੰਦੇੜ) | 17 ਨਵੰਬਰ | ਸ਼ਨੀਵਾਰ |
| ★ ਜੋਤੀ-ਜੋਤਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 20 ਨਵੰਬਰ | ਮੰਗਲਵਾਰ |
| ★ ਅਵਤਾਰ ਸ੍ਰੀ ਗੁਰੂ ਨਾਨਕ ਦੇਵ ਜੀ | 30 ਨਵੰਬਰ | ਸ਼ੁੱਕਰਵਾਰ |
| ★ ਨਿਊ ਪੰਜਾਬ ਡੇ | 1 ਨਵੰਬਰ | ਵੀਰਵਾਰ |
| ★ ਦੀਵਾਲੀ | 14 ਨਵੰਬਰ | ਬੁੱਧਵਾਰ |
| ★ ਸ਼ਹੀਦੀ ਲਾਲਾ ਲਾਜਪਤ ਰਾਏ ਜੀ | 17 ਨਵੰਬਰ | ਸ਼ਨੀਵਾਰ |
| ★ ਜਨਮ-ਦਿਨ ਭਗਤ ਨਾਮਦੇਵ ਜੀ | 26 ਨਵੰਬਰ | ਸੋਮਵਾਰ |

ਸੰਪਾਦਕੀ

੧ੴ

# ਗੁਰੂ ਨਾਨਕ ਸਿੱਖਿਆ ਦੇ ਕੁਝ ਪਹਿਲੂ

ਮੇਰੀ ਧਾਰਨਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਅਧਿਐਨ ਕੇਵਲ ਧਾਰਮਿਕ ਸੀਮਾਂ ਵਿੱਚ ਕਰਨਾ ਉਚਿਤ ਨਹੀਂ ਕਿਉਂਕਿ ਇਸ ਦੀ ਸੀਮਾਂ ਸਮੇਂ ਤੇ ਸਥਾਨ ਦੇ ਘੇਰੇ ਵਿੱਚ ਨਹੀਂ ਆਉਂਦੀ। ਇਹ ਵਿਸ਼ਵ-ਵਿਆਪੀ ਹੈ ਅਤੇ ਬਹੁਪੱਖੀ ਹੈ। ਇਸ ਇਲਾਹੀ ਰਚਨਾ ਬਾਰੇ ਪੂਰੀ ਵਿਆਖਿਆ ਤਾਂ ਸੰਭਵ ਨਹੀਂ ਪ੍ਰੰਤੂ ਜਿਗਿਆਸੂ ਕੁਝ ਕੁ ਪਹਿਲੂਆਂ ਦਾ ਜ਼ਿਕਰ ਕਰਦੇ ਆਏ ਹਨ। ਇਸ ਦਾ ਸਾਹਿਤਿਕ ਪੱਖ ਵੀ ਹੈ ਪ੍ਰੰਤੂ ਇਸ ਨੂੰ ਨਿਰੋਲ ਸਾਹਿਤਿਕ ਪੱਖੋਂ ਵੇਖਣਾ ਠੀਕ ਨਹੀਂ ਕਿਉਂਕਿ ਇਹ ਤਾਂ 'ਸਾਚੀ ਬਾਣੀ' ਹੈ, ਧੁਰ ਕੀ ਬਾਣੀ ਹੈ, ਬਾਣੀਆਂ ਸਿਰ ਬਾਣੀ ਹੈ।

ਗੁਰੂ ਨਾਨਕ ਸਿੱਖਿਆ ਦੇ ਮੰਤਵ ਅਨੁਸਾਰ ਗੁਰੂ ਜੀ ਦੀ ਬਾਣੀ ਦਾ ਪ੍ਰਚਾਰ ਵਿਦਿਆਰਥੀਆਂ ਵਿੱਚ ਕਈ ਪੱਖਾਂ ਤੋਂ ਹੋਣਾ ਚਾਹੀਦਾ ਹੈ। ਬਹੁਤਿਆਂ ਨੂੰ ਤਾਂ ਗੁਰਬਾਣੀ ਪੜ੍ਹਨੀ ਹੀ ਨਹੀਂ ਆਉਂਦੀ। ਵਿਚਾਰ ਦੀ ਗੱਲ ਬਾਅਦ ਦੀ ਹੈ। ਸ਼ੁਰੂ ਵਿੱਚ ਇਸ ਨੂੰ ਪੜ੍ਹ ਸਕਣ ਤੇ ਸਰਲ ਰੂਪ ਵਿੱਚ ਸਮਝ ਸਕਣ ਦੀ ਸਮਰੱਥਾ ਪੈਦਾ ਕਰਨੀ ਚਾਹੀਦੀ ਹੈ। ਗੁਰੂ ਨਾਨਕ ਬਾਣੀ ਸਿੱਖਿਆ ਦੇ ਮਾਧਿਅਮ ਵਿੱਚ ਬਹੁਤ ਮਹੱਤਤਾ ਰੱਖਦੀ ਹੈ। ਲੋੜ ਇਸ ਦੀ ਠੀਕ, ਸ਼੍ਰੇਣੀਵਾਰ, ਚੋਣ ਕਰਕੇ ਵੱਖ-ਵੱਖ ਪਹਿਲੂਆਂ ਨੂੰ ਉਜਾਗਰ ਕਰਨ ਦੀ ਹੈ। ਗੁਰੂ ਸਾਹਿਬ ਦਾ ਜਲਵਾ ਸੰਪੂਰਨਤਾ ਦਾ ਮਰਦੇ ਕਾਮਿਲ ਅਤੇ ਅਗੰਮੀ ਸ਼ਖ਼ਸੀਅਤ ਦਾ ਹੈ। ਇਹ ਤਾਂ 'ਸੱਚ ਕੀ ਬਾਣੀ' ਹੈ, ਆਤਮਿਕ ਪ੍ਰਤਿਭਾ ਦਾ ਅਤਿ ਉੱਚਾ ਸਰੂਪ ਹੈ, ਸਮਾਜੀ ਚੇਤੰਨਤਾ ਲਈ ਕ੍ਰਾਂਤੀਕਾਰੀ ਸੁਨੇਹਾ ਹੈ, ਸਾਹਿਤਿਕ ਪੱਖੋਂ ਅਦੁੱਤੀ ਮੌਲਿਕਤਾ ਹੈ ਅਤੇ ਜੀਵਨ ਵਿੱਚ ਵਾਹਿਗੁਰੂ ਬਾਰੇ ਮੁੱਢਲੀ ਸਚਾਈ ਹੈ ਜਿਸ ਦਾ ਖ਼ੂਬਸੂਰਤ ਬਿਆਨ ਜਪੁਜੀ ਸਾਹਿਬ ਦੇ ਆਰੰਭ ਵਿੱਚ ਹੀ ਹੈ:

**ਆਦਿ ਸਚੁ ਜੁਗਾਦਿ ਸਚੁ ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥** (ਜਪੁਜੀ, ਪੰਨਾ ੧)

ਜਪੁਜੀ ਸਾਹਿਬ ਗੁਰੂ ਨਾਨਕ ਦੇਵ ਜੀ ਦਾ ਸ਼ਾਹਕਾਰ ਹੈ। ਗੁਰਸਿੱਖਾਂ ਲਈ ਇਸ ਦਾ ਪਾਠ ਨਿੱਤ-ਨੇਮ ਵਜੋਂ ਜ਼ਰੂਰੀ ਹੈ। ਇਸ ਨੂੰ ਆਤਮਿਕ ਕਲਿਆਣ ਲਈ ਮੁੱਖ ਸਾਧਨ ਪਰਵਾਨ ਕੀਤਾ ਜਾਂਦਾ ਹੈ। ਉਂਜ ਵੀ ਨਿਰੋਲ ਸਾਹਿਤਿਕ ਪੱਖੋਂ ਤੇ ਵਿਸ਼ੇ ਪੱਖੋਂ ਇਹ ਕਮਾਲ ਦੀ ਰਚਨਾ ਹੈ। ਗੁਰਮਤਿ ਆਸ਼ੇ ਦਾ ਮੂਲ ਆਧਾਰ ਜਪੁਜੀ ਸਾਹਿਬ ਹੈ। ਜਪੁਜੀ ਸਾਹਿਬ ਬਾਰੇ ਅਨੇਕਾਂ ਵਿਆਖਿਆਵਾਂ ਤੇ ਰਚਨਾਵਾਂ ਉਪਲਬਧ ਹਨ। ਮੈਂ ਤਾਂ ਇਹੀ ਲਖਿਆ ਹੈ ਕਿ ਜਪੁਜੀ ਸਾਹਿਬ ਦਾ ਉਪਦੇਸ਼ ਸਾਧਾਰਣ ਜੀਵ ਤੋਂ ਲੈ ਕੇ ਉੱਚੀ ਬੁੱਧੀ ਵਾਲੇ ਤੱਕ ਨਾਂ ਕੇਵਲ ਪ੍ਰੇਰਣਾ ਸਰੋਤ ਹੈ ਸਗੋਂ ਧਾਰਮਿਕ ਗਾਡੀਰਾਹ ਹੈ। ਸਾਧਾਰਣ ਮਨੁੱਖ ਲਈ ਨਾਮ ਦੀ ਵਡਿਆਈ ਇਉਂ ਹੈ:

**ਭਰੀਐ ਮਤਿ ਪਾਪਾ ਕੈ ਸੰਗਿ ॥**
**ਓਹੁ ਧੋਪੈ ਨਾਵੈ ਕੈ ਰੰਗਿ ॥੨੦॥** (ਜਪੁਜੀ, ਪੰਨਾ ੪)

ਬੌਧਿਕ ਵਡਿਆਈ ਵਾਲੇ ਲਈ ਮੁੱਢਲਾ ਸਲੋਕ ਤੇ 38ਵੀਂ ਪਉੜੀ ਮਹਾਨ ਰਹੱਸਵਾਦੀ ਸਿਧਾਂਤਾਂ ਦੀ ਸੂਚਕ ਹੈ। ਜਪੁਜੀ ਸਾਹਿਬ ਦਾ ਵਿਸ਼ਾ ਵਿਸ਼ਲੇਸ਼ਣ ਕਰੀਏ ਤਾਂ ਅਨੇਕਾਂ ਪਹਿਲੂ ਉਜਾਗਰ ਹੁੰਦੇ ਹਨ ਜਿਨ੍ਹਾਂ ਵਿੱਚ ਵਿਦਵਾਨ ਜਿਨ੍ਹਾਂ ਮੁੱਖ ਅੰਗਾਂ ਨਾਲ ਸਹਿਮਤ ਹਨ, ਉਹ ਹਨ:

ਪਰਮਾਤਮਾ ਕੀ ਹੈ, ਉਸ ਨਾਲ ਮੇਲ ਕਿਵੇਂ ਸੰਭਵ ਹੈ, ਵਾਹਿਗੁਰੂ ਜੀ ਦੀ ਸਮੁੱਚੀ ਵਡਿਆਈ ਤੇ ਵਿਸ਼ਾਲਤਾ, ਸਦਾਚਾਰਿਕ ਪਹਿਲੂ, ਪੂਰਨ ਮਨੁੱਖ ਦੀ ਕਲਪਨਾ ਆਦਿ।

ਗੁਰੂ ਨਾਨਕ ਦੇਵ ਜੀ ਦਾ ਮੂਲ ਆਸ਼ਾ ਲੋਕ ਕਲਿਆਣ ਦਾ ਹੈ। ਇਹ ਸਤਿ ਮਾਰਗ ਹੈ। ਪ੍ਰਭੂ ਉਸਤਤ, ਵਿਸਮਾਦ ਦਾ ਆਨੰਦ, ਨਾਮ ਦੀ ਓਟ, ਵਾਹਿਗੁਰੂ ਦੀ ਕਿਰਪਾ ਦੇ ਪਾਤਰ ਹੋਣਾ, ਸ਼ੁੱਭ ਕਰਮਾਂ ਸੰਗ ਵਿਚਰਨਾ ਅਤੇ ਪ੍ਰੇਮਾ ਭਗਤੀ ਵਿੱਚ ਲੀਨ ਹੋ ਕੇ ਨਿਰੋਲ ਨਿਮਰ ਭਾਵਾਂ ਸੰਗ ਹੰਕਾਰ ਤਿਆਗ ਕੇ ਇਹ ਸਵੀਕਾਰਨ ਦੀ ਸਮਰੱਥਾ ਹੋਣੀ ਕਿ "**ਏਨਾ ਜੰਤਾ ਕੈ ਵਸਿ ਕਿਛੁ ਨਾਹੀ ਤੁਧੁ ਵੇਕੀ ਜਗਤੁ ਉਪਾਇਆ ॥**" ਹੀ ਗੁਰੂ ਨਾਨਕ ਮਾਰਗ ਦੇ ਕਈ ਪੱਖਾਂ ਦਾ ਵਰਣਨ ਹੈ।

ਗੁਰੂ ਨਾਨਕ ਦਾ ਮੱਤ 'ਭਉ ਤੇ ਭਾਉ' ਦਾ ਹੈ। ਵਾਹਿਗੁਰੂ ਸਰਬ ਸ਼ਕਤੀਮਾਨ ਹੈ। ਉਹ ਨੀਚ ਤੋਂ ਉਚ ਕਰ ਸਕਦਾ ਹੈ ਪਰ ਜੇ ਉਸ ਦੀ ਬੁਰੀ ਨਜ਼ਰ ਹੋ ਗਈ ਤਾਂ ਵੱਡੇ-ਵੱਡੇ ਬਾਦਸ਼ਾਹ ਰੁਲ ਜਾਂਦੇ ਹਨ। ਇਹ ਸਾਨੂੰ ਪ੍ਰਭੂ ਭੈ ਦੀ ਸਿੱਖਿਆ ਦਿੰਦੀ ਹੈ। ਅਸਲ ਵਿੱਚ ਪ੍ਰਭੂ ਭੈ ਹੀ ਨੇਕ ਜੀਵਨ ਤੇ ਤੋਰਦਾ ਹੈ ਅਤੇ ਮਨੁੱਖੀ ਸੁਹਿਰਦਤਾ ਦਾ ਲਖਾਇਕ ਹੁੰਦਾ ਹੈ। ਇਸ ਤਰ੍ਹਾਂ ਪ੍ਰਭੂ ਪ੍ਰੇਮ ਉਸ ਅਕਾਲ ਪੁਰਖ ਨਾਲ ਸਾਨੂੰ ਜੋੜਦਾ ਹੈ। ਇਹ ਮਨੁੱਖਾ ਜਨਮ ਦੁਰਲਭ ਹੈ। ਇਸ ਵਿੱਚ ਵਿਚਰਦਿਆਂ ਪ੍ਰਭੂ ਦੀ ਪ੍ਰੀਤੀ ਹੀ ਜੀਵਨ ਲਕਸ਼ ਹੋਣਾ ਚਾਹੀਦਾ ਹੈ। ਇਹੀ ਅਕਾਲ ਪੁਰਖ ਦਾ ਹੁਕਮ ਹੈ ਜੋ ਗੁਰੂ ਨਾਨਕ ਦੇਵ ਜੀ ਸਾਨੂੰ ਦ੍ਰਿੜ੍ਹ ਕਰਵਾਉਂਦੇ ਹਨ।

ਇੱਕ ਹੋਰ ਪੱਖ ਜੋ ਜਿਗਿਆਸੂ ਲਈ ਵਿਸ਼ੇਸ਼ ਮਹੱਤਤਾ ਰੱਖਦਾ ਹੈ ਅਤੇ ਸੰਸਾਰ ਦੇ ਹਰ ਧਾਰਮਿਕ ਸੋਚ ਵਾਲੇ ਲਈ ਜ਼ਰੂਰੀ ਹੈ, ਉਹ ਸਦਾਚਾਰਿਕ ਪੱਖ ਹੈ। ਅਸਲ ਵਿੱਚ ਧਰਮ ਦੀ ਵਡਿਆਈ, ਧਾਰਮਿਕਤਾ ਵਿੱਚ ਹੀ ਹੈ ਅਤੇ ਇਸ ਦਾ ਸਿੱਧਾ ਸੰਬੰਧ ਸਦਾਚਾਰਿਕ ਗੁਣਾਂ ਨਾਲ ਹੈ। ਗੁਰੂ ਨਾਨਕ ਮਾਰਗ ਨਿਰਸੰਦੇਹ ਸਦਾਚਾਰਿਕ ਜੀਵਨ ਤੇ ਬਹੁਤ ਬਲ ਦਿੰਦਾ ਹੈ। ਇੱਥੇ ਤਾਂ ਸੱਚ ਤੋਂ ਵੀ ਉਚੇਰਾ ਸੱਚਾ ਅਚਾਰ ਹੈ। ਅਕਾਲ ਪੁਰਖ ਮਹਾਨ ਸੱਚ ਹੈ ਪ੍ਰੰਤੂ ਇਸ ਦੀ ਪ੍ਰਾਪਤੀ ਲਈ ਸੱਚੀ ਕਰਣੀ ਜਾਂ ਸਦਾਚਾਰ ਦੀ ਬੜੀ ਮਹਾਨਤਾ ਹੈ। 'ਆਸਾ ਕੀ ਵਾਰ' ਅਜਿਹੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ ਜਿਸ ਵਿੱਚ ਸਦਾਚਾਰ ਦੇ ਸਪਸ਼ਟ ਸੰਕੇਤ ਹਨ:

**ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥੧॥੯॥** (ਪੰਨਾ ੪੭੩)

ਆਤਮ ਤੀਰਥ ਦੀ ਸਦੀਵੀ ਸੋਝੀ ਪ੍ਰਭੂ ਸਿਮਰਨ ਨਾਲ ਜੁੜਨਾ ਹੈ। "**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥**" ਦਾ ਨਿਚੋੜ ਮਨ ਦੀ ਗ਼ਰੀਬੀ ਨਿਮਰਤਾ, ਹਲੀਮੀ ਦਾ ਹੈ ਪਰ ਇਹ ਅਪਰਾਧੀ ਵਾਲਾ ਨਹੀਂ ਜੋ ਮਿਰਗਾਂ ਨੂੰ ਮਾਰਦਾ ਹੈ ਸਗੋਂ ਇਹ ਹਿਰਦੇ ਨੂੰ ਸ਼ੁੱਧ ਕਰਕੇ ਨਿਰੋਲ ਨਿਮਰਤਾ ਧਾਰਨ ਕਰਨ ਦਾ ਹੈ। "**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥**" ਦੀ ਭਾਵਨਾ ਇਸਤ੍ਰੀ ਦੀ ਵਿਸ਼ੇਸ਼ਤਾ ਨੂੰ ਦਰਸਾਉਣਾ ਹੈ। ਸਦਾਚਾਰਿਕ ਪੱਖੋਂ ਇਹ ਗੁਰੂ ਜੀ ਦਾ ਮਹਾਨ ਉਪਦੇਸ਼ ਹੈ। "**ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥**" ਸਪਸ਼ਟ ਸਦਾਚਾਰਿਕ ਸੰਦੇਸ਼ ਹੈ। ਬਹੁਤੇ ਕਰਮ ਐਵੇਂ ਹੰਕਾਰ ਵੱਸ ਹੀ ਹਨ, ਅਸਲ ਗੱਲ ਤਾਂ ਵਾਹਿਗੁਰੂ ਦੀ ਯਾਦ ਤੇ ਸਿਮਰਨ ਹੀ ਹੈ।

ਸਦਾਚਾਰ ਦਾ ਅਤਿ ਉਚੇਰਾ ਪੱਧਰ ਹੈ, ਉਸ ਮਾਲਕ ਦੀ ਸ਼ਰਣ ਵਿੱਚ ਪੈ ਜਾਣਾ, ਇਸ ਅਵਸਥਾ ਵਿੱਚ ਹੀ ਵਡਿਆਈ ਮਿਲਦੀ ਹੈ ਅਤੇ ਵਾਹਿਗੁਰੂ ਜੀ ਨਾਲ ਅਭੇਦਤਾ ਹੁੰਦੀ ਹੈ। ਗੁਰਵਾਕ ਹੈ:

**ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥੧॥੨੨॥**

(ਆਸਾ ਕੀ ਵਾਰ, ਪੰਨਾ ੪੭੪)

- ਅਭਿਲਾਸ਼ੀ

ਚਮਨ ਸਿੰਘ 'ਚਮਨ'

ੴ ਸਤਿਗੁਰ ਪ੍ਰਸਾਦਿ ॥

ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ ॥



ਗੁਰੂ ਨਾਨਕ ਨਾਮ ਲੇਵਾ ਗੁਰਭਾਈਓ - ਭੈਣੋ

ਆਪ ਸਭ ਨੂੰ

ਚੜ੍ਹਦੀ ਕਲਾ ਦੇ ਸੰਦੇਸ਼ਕ, ਸਰਬੱਤ ਦੇ ਭਲੇ ਦੇ ਪ੍ਰੇਰਕ, ਮਾਨਵਤਾ ਦੇ ਪਿਆਰੇ, ਕਿਰਤੀਆਂ ਦੇ ਪੈਗੰਬਰ ਸਾਂਝੀਵਾਲਤਾ ਦੇ ਅਵਤਾਰ, ਮਹਾਨ ਕ੍ਰਾਂਤੀਕਾਰੀ, ਅਦੁੱਤੀ ਗਾਡੀਰਾਹ, ਬਾਣੀ ਦੇ ਭੰਡਾਰ, ਪ੍ਰਕਾਸ਼ ਤੇ ਸੱਚ ਦੇ ਚੰਦ੍ਰਮਾ . . .

# ਜਗਤ ਗੁਰੂ

ਸ੍ਰੀ ਗੁਰੂ ਨਾਨਕ ਦੇਵ ਜੀ **532**ਵੇਂ ਪ੍ਰਕਾਸ਼ ਉਤਸਵ ਦੀਆਂ

# ਲੱਖ-ਲੱਖ ਵਧਾਈਆਂ

ਭੇਟ ਕਰਤਾ :

## ਮਹੰਤ ਭਾਈ ਤੀਰਥ ਸਿੰਘ 'ਸੇਵਾ ਪੰਥੀ'

ਪ੍ਰਧਾਨ ਸੇਵਾ ਪੰਥੀ ਅੱਡਣ ਸ਼ਾਹੀ ਸਭਾ (ਰਜਿ:)

## ਮੁੱਖ ਸਰਪ੍ਰਸਤ ਸਰਬੱਤ ਸੰਸਥਾਵਾਂ ਟਿਕਾਣਾ ਸਾਹਿਬ

★ ਭਾਈ ਘਨੱਈਆ ਸੇਵਾ ਸੁਸਾਇਟੀ (ਰਜਿ:)
★ ਭਾਈ ਘਨੱਈਆ ਚੈਰੀਟੇਬਲ ਟ੍ਰਸਟ (ਰਜਿ:)
★ ਮਾਤਾ ਤ੍ਰਿਪਤਾ ਚੈਰੀਟੇਬਲ ਟ੍ਰਸਟ (ਰਜਿ:)
★ ਭਾਈ ਆਸਾ ਸਿੰਘ ਗਰਲਜ਼ ਕਾਲਜ਼
★ ਭਾਈ ਜਗਤਾ ਜੀ ਪਬਲਿਕ/ਹਾਈ ਸਕੂਲ ਅਤੇ ਸੰਬੰਧਤ **26** ਬਰਾਂਚ ਸਕੂਲ
★ ਭਾਈ ਘਨੱਈਆ ਚੈਰੀਟੇਬਲ ਹਸਪਤਾਲ
★ ਭਾਈ ਸੇਵਾ ਰਾਮ ਵਚਿੱਤਰ ਸ਼ਾਲਾ
★ ਭਾਈ ਆਸਾ ਸਿੰਘ ਕਾਲਜ ਆਫ਼ ਕੰਪਿਊਟਰ ਸਾਇੰਸ
★ ਭਾਈ ਘਨੱਈਆ ਸੇਵਾ ਜੋਤੀ
★ ਅੱਡਣ ਸ਼ਾਹੀ ਪ੍ਰਿੰਟਿੰਗ ਪ੍ਰੈਸ
★ ਗੁਰੂ ਨਾਨਕ ਲਾਇਬਰੇਰੀ
★ ਦਫ਼ਤਰ ਵਰ-ਘਰ
★ **S.T.D., P.C.O.**

## ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ ।

ਜਿਲ੍ਹਾ ਬਠਿੰਡਾ (ਪੰਜਾਬ) ਫ਼ੋਨ : **262012, 262051**

(ਵਿਸ਼ੇਸ਼ ਸੰਦੇਸ਼)

## ਭਾਈ ਘਨੱਈਆ ਸੇਵਾ ਸੁਸਾਇਟੀ (ਰਜਿ:) ਗੋਨਿਆਣਾ ਮੰਡੀ ਵੱਲੋਂ

# ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 532ਵੇਂ ਅਵਤਾਰ ਪੁਰਬ ਦੇ ਪ੍ਰੋਗਰਾਮ

**ਪ੍ਰਭਾਤ-ਫੇਰੀਆਂ** : ਮਿਤੀ 25 ਨਵੰਬਰ 2001 ਤੋਂ 30 ਨਵੰਬਰ 2001 ਤੱਕ ਗੁਰਦੁਆਰਾ ਸੰਤ ਭਾਈ ਸੁਹੇਲ ਸਿੰਘ ਜੀ, ਨਵੀਂ ਬਸਤੀ ਤੋਂ ਚਾਲੂ ਰੋਜ਼ਾਨਾ ਸਵੇਰੇ 4-30 ਵਜੇ ਤੋਂ 6-30 ਵਜੇ ਤੱਕ।

**ਨਗਰ-ਕੀਰਤਨ** : 29 ਨਵੰਬਰ 2001 ਦਿਨ ਵੀਰਵਾਰ ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ਦੇ ਸੰਬੰਧ ਵਿੱਚ ਦੁਪਹਿਰ 12-00 ਵਜੇ, ਨਗਰ-ਕੀਰਤਨ ਗੁਰਦੁਆਰਾ ਸੰਤ ਭਾਈ ਸੁਹੇਲ ਸਿੰਘ ਜੀ ਤੋਂ ਅਰੰਭ ਹੋਵੇਗਾ ਜੋ ਮੰਡੀ ਦੇ ਮੁੱਖ ਮਾਰਗਾਂ ਤੋਂ ਹੁੰਦਾ ਹੋਇਆ ਵਾਪਸ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਵੇਗਾ।

**ਵਿਸ਼ੇਸ ਦੀਵਾਨ** : 30 ਨਵੰਬਰ 2001 ਨੂੰ ਸਵੇਰੇ ਅਖੰਡ-ਪਾਠ ਦੇ ਭੋਗ ਤੋਂ ਉਪਰੰਤ ਟਿਕਾਣਾ ਸਾਹਿਬ ਵਿਖੇ ਵਿਸ਼ੇਸ਼ ਦੀਵਾਨ ਸਜੇਗਾ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। 30 ਨਵੰਬਰ 2001 ਦਿਨ ਸ਼ੁੱਕਰਵਾਰ ਰਾਤ ਨੂੰ ਗੁਰਦੁਆਰਾ ਸੰਤ ਭਾਈ ਸੁਹੇਲ ਸਿੰਘ ਜੀ ਵਿਖੇ ਵਿਸ਼ੇਸ਼ ਦੀਵਾਨ ਸਜੇਗਾ। ਸਮੂਹ ਸੰਗਤਾਂ ਨੂੰ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਲਈ ਸਨਿਮਰ ਬੇਨਤੀ ਹੈ।

ਪ੍ਰਾਰਥਕ :

**(ਮਹੰਤ) ਤੀਰਥ ਸਿੰਘ 'ਸੇਵਾ ਪੰਥੀ'**
ਟਿਕਾਣਾ ਭਾਈ ਜਗਤਾ ਜੀ ਸਾਹਿਬ,
ਗੋਨਿਆਣਾ ਮੰਡੀ।
ਫ਼ੋਨ : 262012

**(ਸੰਤ) ਪ੍ਰੀਤਮ ਸਿੰਘ ਮੁੱਖ ਸੇਵਾਦਾਰ**
ਗੁਰਦੁਆਰਾ ਸੰਤ ਭਾਈ ਸੁਹੇਲ ਸਿੰਘ ਜੀ,
ਨਵੀਂ ਬਸਤੀ, ਗੋਨਿਆਣਾ ਮੰਡੀ।
ਫ਼ੋਨ : 262612

## ਪ੍ਰੋਗਰਾਮ ਪ੍ਰਚਾਰ-ਯਾਤਰਾ ਨਵੰਬਰ/ਦਸੰਬਰ 2001

### ਸ਼੍ਰੀਮਾਨ 108 ਮਹੰਤ ਭਾਈ ਤੀਰਥ ਸਿੰਘ ਜੀ 'ਸੇਵਾ ਪੰਥੀ'

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)

ਕੋਡ : **0164** ਫੋਨ : **262012, 262051, 262000** ਫੈਕਸ : **262657**

ਮੋਬਾ:(ਮਹੰਤ ਸਾਹਿਬ) **98140-32957**,(ਸੰਤ ਗੁਰਚਰਨ ਸਿੰਘ)**98140-02004**ਫੋਨ:**263888**

| ਮਿਤੀ | ਨਗਰ | ਪਤਾ ਤੇ ਪ੍ਰੋਗਰਾਮ |
|---|---|---|
| **3-11-2001** | ਯਮੁਨਾ ਨਗਰ | ਗੁਰਪੁਰਬ,<br>ਗੁਰੂ ਨਾਨਕ ਗਰਲਜ਼ ਕਾਲਜ. |
| **6-11-2001** | ਜੈਪੁਰ | ਪਾਠ-ਸਮਾਪਤੀ,<br>ਗੁਰਿੰਦਰ ਸਿੰਘ,<br>58-ਹੀਰਾ ਨਗਰ ਅਜਮੇਰ ਰੋਡ,<br>Ph. 357087 (R) |
| **7-11-2001** | ਦਿੱਲੀ | ਪਾਠ ਸਮਾਪਤੀ,<br>ਅਨਿਲ ਕੁਮਾਰ<br>ਕੇਸ਼ਵ ਕੁੰਜ ਸੁਸਾਇਟੀ, N.D.M.C.<br>13-54 , `ਵਿਕਾਸਪੁਰੀ<br>Ph. : 5534733, 5534734 |
| **8-11-2001** | ਨੋਇਡਾ (ਦਿੱਲੀ) | ਪਾਠ ਸਮਾਪਤੀ,(ਮਹੂਰਤ ਮਕਾਨ)<br>ਚੂਨੀ ਲਾਲ ਥਰੇਜਾ,<br>C-468 ਸੈਕਟਰ-19,<br>Ph.914553411<br>Mob.-98100-78955 |
| **9-11-2001** ਤੋਂ<br>**12-11-2001**ਤੱਕ | ਸੂਰਤ (ਗੁਜਰਾਤ) | ਪਾਠ ਸਮਾਪਤੀ,<br>ਸ: ਸੰਤੋਖ ਸਿੰਘ ਮੱਕੜ,<br>ਭਗਤ ਸਿੰਘ ਮੱਕੜ<br>Ph. 231469,233668<br>(S) 622630 |

| | | |
|---|---|---|
| 12-11-2001 | ਨੋਇਡਾ (ਦਿੱਲੀ) | ਰਾਤ-ਵਿਸ਼ਰਾਮ, ਕੰਵਲਜੀਤ ਸਿੰਘ, B-28 ਸੈਕਟਰ-26 Ph. 914527464, 914535935 |
| 16-11-2001 | ਗੋਨਿਆਣਾ ਭਾਈ ਜਗਤਾ ਵਿਖੇ ਸੰਗਰਾਂਦ ਦਾ ਮਾਸਿਕ ਸਮਾਗਮ | |
| 17-11-2001 | ਦਿੱਲੀ | ਪਾਠ-ਸਮਾਪਤੀ, ਸ: ਤ੍ਰਿਲੋਕ ਸਿੰਘ ਹਰੀ-ਨਗਰ । |
| 17-11-2001 | ਕੋਟਕਪੂਰਾ | ਪਾਠ ਸਮਾਪਤੀ, ਸ: ਜਗਦੀਸ਼ ਸਿੰਘ ਸਪੁੱਤਰ ਸ: ਆਸਾ ਸਿੰਘ । |
| 25-11-2001 | ਬਠਿੰਡਾ | ਪਾਠ-ਸਮਾਪਤੀ ਸ:ਮਹਿੰਦਰ ਸਿੰਘ ਪੁੱਤਰ ਸ: ਪ੍ਰਧਾਨ ਸਿੰਘ ਮਹਿਨਾ ਚੌਂਕ Ph. : 218996 |
| 30-11-2001 | ਕੋਟਕਪੂਰਾ | ਅਵਤਾਰ ਪੁਰਬ ਗੁਰੂ ਨਾਨਕ ਦੇਵ ਜੀ । |
| 1-12-2001ਤੋਂ 2-12-2001ਤੱਕ | ਬੁਢਲਾਡਾ | ਗੁਰਪੁਰਬ ਗੁਰਦੁਆਰਾ ਸਿੰਘ ਸਭਾ । |

## ਵਿਸ਼ੇਸ਼ ਸੂਚਨਾ

ਲੇਖਕ ਵਿਦਵਾਨਾਂ ਨੂੰ ਬੇਨਤੀ ਹੈ ਕਿ ਉਹ ਆਪਣੀਆਂ ਮੌਲਿਕ ਰਚਨਾਵਾਂ ਨੂੰ ਭੇਜਣ ਸਮੇਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣ :-

1. "ਭਾਈ ਘਨੱਈਆ ਸੇਵਾ ਜੋਤੀ" ਪਰਚਾ ਲਈ ਭੇਜਣ ਵਾਲੀ ਰਚਨਾ ਮੌਲਿਕ ਹੋਵੇ ।
2. ਭੇਜਣ ਵਾਲੀ ਰਚਨਾ ਕਾਗਜ਼ ਦੇ ਇਕ ਪਾਸੇ ਹਾਸ਼ੀਆ ਛੱਡ ਕੇ ਸਾਫ-ਸਾਫ ਲਿਖੀ ਹੋਵੇ ਜਾਂ ਟਾਈਪ ਕੀਤੀ ਹੋਵੇ ।
3. ਰਚਨਾ ਦੀ ਸ਼ੈਲੀ ਸਰਲ, ਸਪੱਸ਼ਟ ਤੇ ਹਰੇਕ ਪਾਠਕ ਦੇ ਸਮਝ 'ਚ ਆਉਣ ਵਾਲੀ ਹੋਵੇ ।
4. ਰਚਨਾ ਵਿਚ ਗੁਰਬਾਣੀ ਦੀਆਂ ਤੁਕਾਂ ਤੇ ਪੰਨਾ ਨੰ: ਸੋਧ ਕੇ ਲਿਖਿਆ ਜਾਵੇ ।
5. ਰਚਨਾ ਹਰ ਮਹੀਨੇ ਦੀ 10 ਤਾਰੀਖ ਤੱਕ ਭਾ: ਘ: ਸੇਵਾ ਜੋਤੀ ਦਫ਼ਤਰ ਵਿਚ ਪਹੁੰਚ ਜਾਣੀ ਚਾਹੀਦੀ ਹੈ ।

ਸ: ਸੰਪਾਦਕ

# ਸੁਖਮਨੀ ਸਾਹਿਬ

- ਤੀਰਥ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਅਕਤੂਬਰ 2001 ਦਾ ਅੰਕ ਪੜ੍ਹੋ ।

ਜਿਹ ਪ੍ਰਸਾਦਿ ਤੂੰ ਪ੍ਰਗਟੁ ਸੰਸਾਰਿ ॥
ਤਿਸੁ ਪ੍ਰਭ ਕਉ ਮੂਲਿ ਨ ਮਨਹੁ ਬਿਸਾਰਿ ॥
ਜਿਹ ਪ੍ਰਸਾਦਿ ਤੇਰਾ ਪਰਤਾਪੁ ॥
ਰੇ ਮਨ ਮੂੜ ਤੂ ਤਾ ਕਉ ਜਾਪੁ ॥
ਜਿਹ ਪ੍ਰਸਾਦਿ ਤੇਰੇ ਕਾਰਜ ਪੂਰੇ ॥
ਤਿਸਹਿ ਜਾਨੁ ਮਨ ਸਦਾ ਹਜੂਰੇ ॥
ਜਿਹ ਪ੍ਰਸਾਦਿ ਤੂੰ ਪਾਵਹਿ ਸਾਚੁ ॥
ਰੇ ਮਨ ਮੇਰੇ ਤੂੰ ਤਾ ਸਿਉ ਰਾਚੁ ॥
ਜਿਹ ਪ੍ਰਸਾਦਿ ਸਭ ਕੀ ਗਤਿ ਹੋਇ ॥
ਨਾਨਕ ਜਾਪੁ ਜਪੈ ਜਪੁ ਸੋਇ ॥੭॥

## ਜਿਹ ਪ੍ਰਸਾਦਿ ਤੂੰ ਪ੍ਰਗਟੁ ਸੰਸਾਰਿ ॥
## ਤਿਸੁ ਪ੍ਰਭ ਕਉ ਮੂਲਿ ਨ ਮਨਹੁ ਬਿਸਾਰਿ ॥

**ਪਦ ਅਰਥ :-** ਪ੍ਰਗਟੁ - ਪ੍ਰਸਿੱਧ , ਉਜਾਗਰ।

**ਅਰਥ -** ਜਿਸਦੀ ਕ੍ਰਿਪਾ ਕਰਕੇ ਤੂੰ ਸਾਰੇ ਸੰਸਾਰ ਵਿੱਚ ਪ੍ਰਸਿੱਧ ਹੈਂ, ਉਜਾਗਰ ਹੈਂ। ਉਸ ਪ੍ਰਭੂ ਨੂੰ ਮਨ 'ਚੋਂ ਕਦੇ ਵੀ ਨਾ ਭੁਲਾ ਭਾਵ ਕਦੇ ਵੀ ਨਾ ਵਿਸਾਰ।

## ਜਿਹ ਪ੍ਰਸਾਦਿ ਤੇਰਾ ਪਰਤਾਪੁ ॥
## ਰੇ ਮਨ ਮੂੜ ਤੂ ਤਾ ਕਉ ਜਾਪੁ ॥

**ਅਰਥ :-** ਜਿਸ ਪ੍ਰਭੂ ਦੀ ਕ੍ਰਿਪਾ ਕਰਕੇ ਤੇਰਾ ਪ੍ਰਤਾਪ ਬਣਿਆ ਹੋਇਆ ਹੈ, ਹੇ ਮੂਰਖ ਮਨ! ਤੂੰ ਉਸ ਦਾ ਸਿਮਰਨ ਕਰ।

## ਜਿਹ ਪ੍ਰਸਾਦਿ ਤੇਰੇ ਕਾਰਜ ਪੂਰੇ ॥
## ਤਿਸਹਿ ਜਾਨੁ ਮਨ ਸਦਾ ਹਜੂਰੇ ॥

**ਅਰਥ :-** ਜਿਸ ਪ੍ਰਮਾਤਮਾ ਦੀ ਕ੍ਰਿਪਾ ਕਰਕੇ ਤੇਰੇ ਕੰਮ ਪੂਰੇ ਹੁੰਦੇ ਹਨ। ਹੇ ਮਨ ਤੂੰ ਉਸ ਨੂੰ ਸਦਾ ਹਾਜ਼ਰ ਨਾਜ਼ਰ ਜਾਨਣਾ ਕਰ।

## ਜਿਹ ਪ੍ਰਸਾਦਿ ਤੂੰ ਪਾਵਹਿ ਸਾਚੁ ॥
## ਰੇ ਮਨ ਮੇਰੇ ਤੂੰ ਤਾ ਸਿਉ ਰਾਚੁ ॥

**ਅਰਥ :-** ਜਿਸਦੀ ਕ੍ਰਿਪਾ ਕਰਕੇ ਤੂੰ ਸਚ ਸਰੂਪ ਨੂੰ ਪਾ ਲਵੇਗਾ। ਹੇ ਮਨ! ਤੂੰ ਉਸ ਨਾਲ ਰਚ ਭਾਵ ਜੁੜਨਾ ਕਰ।

## ਜਿਹ ਪ੍ਰਸਾਦਿ ਸਭ ਕੀ ਗਤਿ ਹੋਇ ॥
## ਨਾਨਕ ਜਾਪੁ ਜਪੈ ਜਪੁ ਸੋਇ ॥

**ਅਰਥ :-** ਜਿਸਦੇ ਫਜ਼ਲ ਨਾਲ ਸਭ ਦਾ ਕਲਿਆਣ ਹੁੰਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਉਸ ਪ੍ਰਭੂ ਦੇ ਨਾਮ ਨੂੰ ਤੂੰ ਜਪਣਾ ਕਰ ਭਾਵ ਸਿਮਰਨਾ ਕਰ।

## ਵਿਸ਼ੇਸ਼ ਵਿਚਾਰ :

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਨੂੰ ਵੱਡਾ ਦਾਤਾ ਲਿਖਿਆ ਹੈ। ਉਹ ਵਾਹਿਗੁਰੂ ਵੱਡਾ ਦਾਤਾ ਹੈ ਵੱਡੀਆ ਹੀ ਉਸਦੀਆ ਦਾਤਾਂ ਹਨ ਜਿਨ੍ਹਾਂ ਦਾ ਕੋਈ ਮੁੱਲ ਨਹੀ ਜਿਵੇਂ ਅੱਖਾਂ ਹਨ, ਨੱਕ ਹੈ, ਹੱਥ-ਪੈਰ ਹਨ, ਰਸਨਾ ਹੈ ਆਦਿ ਦਾ ਕੋਈ ਮੁੱਲ ਨਹੀਂ।

ਕਿਸੇ ਨੂੰ, ਵੱਡਾ ਮਾਣ ਸਤਿਕਾਰ ਦੇ ਦਿੰਦਾ ਹੈ, ਬਾਦਸ਼ਾਹੀ ਦੇ ਦਿੰਦਾ ਹੈ ਤੇ ਸ਼ਾਨ (ਧਨ) ਦੇ ਦਿੰਦਾ ਹੈ ਕਿਸੇ ਨੂੰ ਬੜੀ ਸ਼ੋਭਾ ਵਡਿਆਈ ਦੇ ਦਿੰਦਾ ਹੈ ਦੁਨੀਆਂ ਧੰਨ ਧੰਨ ਕਰਦੀ ਹੈ।

ਜਿਸ ਨੂੰ ਵਾਹਿਗੁਰੂ ਵੱਡਾ ਪ੍ਰਤਾਪ, ਸ਼ੋਭਾ ਦੇਵੇ, ਵਡਿਆਈ ਦੇਵੇ ਉਸਨੂੰ ਵਡਿਆਈ ਸ਼ੋਭਾ ਦਾ ਮਾਣ ਨਹੀ ਕਰਨਾ ਚਾਹੀਦਾ ਸਗੋਂ ਨਿਮਰਤਾ ਵਿੱਚ ਆ ਕੇ ਆਖੇ ਹੇ ਵਾਹਿਗੁਰੂ ! ਸਾਰੀ ਵਡਿਆਈ ਤੂੰ ਦਿੱਤੀ ਹੈ ਤੇਰੀ ਹੀ ਬਖ਼ਸ਼ਿਸ਼ ਹੈ।

ਜਿਵੇਂ ਧੰਨ ਗੁਰੂ ਰਾਮਦਾਸ ਸਾਨੂੰ ਉਪਦੇਸ਼ ਦਿੰਦੇ ਹਨ ਮੈਂ ਯਤੀਮ ਰੁਲਦਾ ਫਿਰਦਾ ਸੀ ਮੇਰੇ 'ਤੇ ਸਤਿਗੁਰੂ ਅਮਰਦਾਸ ਜੀ ਦੀ ਕਿਰਪਾ ਹੋ ਗਈ ਕਿ ਕੀੜੇ ਨੂੰ ਉੱਚੀ ਪਦਵੀ ਤੇ ਸਥਾਪਿਤ ਕਰ ਦਿੱਤਾ।

**" ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ**
**ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ "**
**ਜਿਹ ਪ੍ਰਸਾਦਿ ਤੂੰ ਪਰਗਟੁ ਸੰਸਾਰਿ ॥**
**ਤਿਸ ਪ੍ਰਭ ਕਉ ਮੂਲਿ ਨ ਮਨਹੁ ਬਿਸਾਰਿ ॥**

(ਚੱਲਦਾ....)

***

# ਸੋ ਦਰੁ ਰਹਿਰਾਸ ਸਾਹਿਬ

- ਸੰਤ ਕਾਹਨ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਅਕਤੂਬਰ 2001 ਦਾ ਅੰਕ ਪੜ੍ਹੋ ।

## ਕਬਜੋਂ ਬਾਚ ਬੇਨਤੀ ॥ਚੌਪਈ॥

ੴ
ਕਬਜੋ ਬਾਚ ਬੇਨਤੀ ॥ ਚੌਪਈ ॥

ਤੁਮ ਮਮ ਕਰਹੁ ਸਦਾ ਪ੍ਰਤਿਪਾਰਾ ॥
ਤੁਮ ਸਾਹਿਬ ਮੈ ਦਾਸ ਤਿਹਾਰਾ ॥
ਜਾਨ ਆਪਨਾ ਮੁਝੈ ਨਿਵਾਜ ॥
ਆਪ ਕਰੋ ਹਮਰੇ ਸਭ ਕਾਜ ॥੫॥
ਤੁਮ ਹੋ ਸਭ ਰਾਜਨ ਕੇ ਰਾਜਾ ॥
ਆਪੇ ਆਪੁ ਗਰੀਬ ਨਿਵਾਜਾ ॥
ਦਾਸ ਜਾਨ ਕਰ ਕ੍ਰਿਪਾ ਕਰਹੁ ਮੁਹਿ ॥
ਹਾਰ ਪਰਾ ਮੈ ਆਨ ਦ੍ਵਾਰ ਤੁਹਿ ॥੬॥
ਆਪਨਾ ਜਾਨ ਕਰੋ ਪ੍ਰਤਿਪਾਰਾ ॥
ਤੁਮ ਸਾਹਿਬੁ ਮੈ ਕਿੰਕਰ ਥਾਰਾ ॥
ਦਾਸ ਜਾਨ ਦੈ ਹਾਥ ਉਬਾਰੋ ॥
ਹਮਰੇ ਸਭ ਬੈਰੀਅਨ ਸੰਘਾਰੋ ॥ ੭ ॥
ਪ੍ਰਥਮ ਧਰੋ ਭਗਵਤ ਕੋ ਧਜਾਨਾ ॥
ਬਹੁਰ ਕਰੋ ਕਬਿਤਾ ਬਿਧਿ ਨਾਨਾ ॥
ਕਿਸਨ ਜਥਾ ਮਤ ਚਰਿਤ੍ਰ ਉਚਾਰੋ ॥
ਚੂਕ ਹੋਇ ਕਬਿ ਲੇਹੁ ਸੁਧਾਰੋ ॥ ੮ ॥

**ਤੁਮ ਮਮ ਕਰਹੁ ਸਦਾ ਪ੍ਰਤਿਪਾਰਾ ॥**
**ਤੁਮ ਸਾਹਿਬ ਮੈ ਦਾਸ ਤਿਹਾਰਾ ॥**

**ਪਦ ਅਰਥ** : ਤੁਮ - ਤੁਸੀ। ਮਮ - ਮੇਰੀ। ਸਾਹਿਬ - ਮਾਲਿਕ । ਤਿਹਾਰਾ- ਤੇਰਾ।

**ਅਰਥ** - ਹੇ ਅਕਾਲ ਪੁਰਖ ਜੀ! ਤੁਸੀ ਮੇਰੀ ਸਦਾ ਹੀ ਪ੍ਰਤਿਪਾਲਣਾ ਕਰੋ। ਤੁਸੀਂ ਮੇਰੇ ਮਾਲਿਕ ਹੋ ਅਤੇ ਮੈਂ ਤੁਹਾਡਾ ਦਾਸ ਹਾਂ।

**ਜਾਨ ਆਪਨਾ ਮੁਝੈ ਨਿਵਾਜ ॥**
**ਆਪ ਕਰੋ ਹਮਰੇ ਸਭ ਕਾਜ ॥੫॥**

**ਪਦ ਅਰਥ** : ਨਿਵਾਜ- ਵਡਿਆਈ ਦੇਣਾ।

**ਅਰਥ** : ਹੇ ਪ੍ਰਭੂ ਜੀ! ਮੈਨੂੰ ਆਪਣਾ ਦਾਸ ਸਮਝ ਕੇ ਵਡਿਆਈ ਦਿਉ ਅਤੇ ਮੇਰੇ ਸਾਰੇ ਕੰਮ ਆਪ ਹੀ ਪੂਰੇ ਕਰੋ।

**ਤੁਮ ਹੋ ਸਭ ਰਾਜਨ ਕੇ ਰਾਜਾ ॥**
**ਆਪੇ ਆਪੁ ਗਰੀਬ ਨਿਵਾਜਾ ॥**

**ਅਰਥ** : ਹੇ ਵਾਹਿਗੁਰੂ ਜੀ! ਤੁਸੀ ਆਪ ਹੀ ਸਾਰੇ (ਜਗਤ ਦੇ) ਰਾਜਿਆਂ ਦੇ ਰਾਜੇ ਹੋ ਅਤੇ ਤੁਸੀ ਆਪ ਹੀ ਆਪਣੇ ਗਰੀਬ ਦਾਸਾਂ ਨੂੰ ਵਡਿਆਈ ਦੇਣ ਵਾਲੇ ਹੋ।

**ਦਾਸ ਜਾਨ ਕਰ ਕ੍ਰਿਪਾ ਕਰਹੁ ਮੁਹਿ ॥**
**ਹਾਰ ਪਰਾ ਮੈ ਆਨ ਦ੍ਵਾਰ ਤੁਹਿ ॥੬॥**

**ਅਰਥ** : ਹੇ ਪ੍ਰਭੂ! ਮੈਨੂੰ ਆਪਣਾ ਦਾਸ ਜਾਣ ਕੇ ਮੇਰੇ ਉਪਰ ਮਿਹਰ ਦ੍ਰਿਸ਼ਟੀ ਕਰੋ। ਮੈਂ ਸਭ ਆਸਰਿਆਂ ਵੱਲੋਂ ਹਾਰ ਕੇ ਪ੍ਰਭੂ ਤੁਹਾਡੇ ਦੁਆਰ ਤੇ ਆ ਡਿੱਗਿਆ ਹਾਂ।

**ਆਪਨਾ ਜਾਨ ਕਰੋ ਪ੍ਰਤਿਪਾਰਾ ॥**
**ਤੁਮ ਸਾਹਿਬੁ ਮੈ ਕਿੰਕਰ ਥਾਰਾ ॥**

**ਪਦ ਅਰਥ** : ਕਿੰਕਰ- ਨਿੱਕਾ ਜਿਹਾ ਦਾਸ। ਥਾਰਾ - ਤੇਰਾ।

**ਅਰਥ** - ਮੈਨੂੰ ਆਪਣਾ ਸਮਝ ਕਿ ਮੇਰੀ ਪ੍ਰਤਿਪਾਲਣਾ ਕਰੋ। ਤੁਸੀਂ ਸਾਹਿਬ ਹੋ ਮੈਂ ਤੁਹਾਡਾ ਨਿੱਕਾ ਜਿਹਾ ਦਾਸ ਹਾਂ।

**ਦਾਸ ਜਾਨ ਦੈ ਹਾਥ ਉਬਾਰੋ ॥**
**ਹਮਰੇ ਸਭ ਬੈਰੀਅਨ ਸੰਘਾਰੋ ॥ ੭ ॥**

**ਪਦ ਅਰਥ** : ਉਬਾਰੋ - ਬਚਾਉ। ਬੈਰੀਅਨ - ਵੈਰੀਆਂ। ਸੰਘਾਰੋ- ਨਾਸ਼ ਕਰੋ।

**ਅਰਥ** - ਹੇ ਪ੍ਰਮਾਤਮਾ! ਮੈਨੂੰ ਅਪਣਾ ਦਾਸ ਜਾਣਕੇ ਆਪਣਾ ਹੱਥ ਦੇ ਕੇ ਦੁੱਖਾਂ ਪਾਪਾਂ ਤੋਂ ਬਚਾ ਲਵੋਂ ਤੇ ਮੇਰੇ ਸਾਰੇ ਕਾਮ ਆਦਿ ਵੈਰੀਆਂ ਦਾ ਨਾਸ਼ ਕਰ ਦਿਉ।

**ਪ੍ਰਥਮ ਧਰੋ ਭਗਵਤ ਕੋ ਧਯਾਨਾ ॥**
**ਬਹੁਰ ਕਰੋ ਕਬਿਤਾ ਬਿਧਿ ਨਾਨਾ ॥**

**ਪਦ ਅਰਥ** : ਭਗਵਤ- ਅਕਾਲ ਪੁਰਖ। ਬਹੁਰ - ਫੇਰ। ਬਿਧਿ ਨਾਨਾ-ਅਨੇਕਾਂ ਵਿੱਧੀਆਂ।

**ਅਰਥ** - ਪਹਿਲਾ ਮੈਂ ਅਕਾਲ ਪੁਰਖ ਦਾ ਧਿਆਨ ਕਰਦਾ ਹਾਂ ਫਿਰ ਅਨੇਕ ਪ੍ਰਕਾਰ ਦੀ ਕਵਿਤਾ ਦੀ ਰਚਨਾ ਕਰਦਾ ਹਾਂ।

**ਕ੍ਰਿਸਨ ਜਥਾ ਮਤ ਚਰਿਤ੍ਰ ਉਚਾਰੋ ॥**
**ਚੂਕ ਹੋਇ ਕਬਿ ਲੇਹੁ ਸੁਧਾਰੋ ॥ ੮ ॥**

**ਅਰਥ** - ਮੈਂ ਆਪਣੀ ਬੁੱਧੀ ਅਨੁਸਾਰ ਕ੍ਰਿਸ਼ਨ ਦੀ ਕਥਾ ਉਚਾਰਨ ਕਰਦਾ ਹਾਂ (ਕੀਤੀ ਹੈ) ਇਸ ਵਿੱਚ ਕੋਈ ਭੁੱਲ ਗਲਤੀ ਹੋਵੇ ਤਾਂ ਕਵੀ ਜਨੋਂ ਸੁਧਾਰ ਲੈਣਾ। (ਚਲਦਾ ....)



ੴ

# ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ

- ਭਾਈ ਨੰਦ ਲਾਲ ਜੀ 'ਗੋਯਾ'

ਲੜੀ ਜੋੜਨ ਲਈ ਅਕਤੂਬਰ 2001 ਦਾ ਅੰਕ ਪੜ੍ਹੋ ।

**ਹੱਕ ਹੱਕ ਆਗਾਹ ਗੁਰੁ ਗੋਬਿੰਦ ਸਿੰਘ ॥**
**ਸ਼ਾਹਿ ਸ਼ਾਹਨਸ਼ਾਹ ਗੁਰੁ ਗੋਬਿੰਦ ਸਿੰਘ ॥**
**ਬਰ ਦੋ ਆਲਮ ਸ਼ਾਹ ਗੁਰੁ ਗੋਬਿੰਦ ਸਿੰਘ ॥**
**ਖ਼ਸਮ ਰਾ ਜਾਂ-ਕਾਹ ਗੁਰੁ ਗੋਬਿੰਦ ਸਿੰਘ ॥**


ਹੱਕ ਹੱਕ ਆਗਾਹ ਗੁਰੁ ਗੋਬਿੰਦ ਸਿੰਘ ॥
ਸ਼ਾਹਿ ਸ਼ਾਹਨਸ਼ਾਹ ਗੁਰੁ ਗੋਬਿੰਦ ਸਿੰਘ ॥

ਅਰਥ : ਗੁਰੂ ਗੋਬਿੰਦ ਸਿੰਘ ਜੀ ਸੱਚ ਦੇ ਜਾਨਣਹਾਰਿਆਂ ਲਈ ਸੱਚ ਹੈ, ਗੁਰੂ ਗੋਬਿੰਦ ਸਿੰਘ ਬਾਦਸ਼ਾਹਾਂ ਦਾ ਬਾਦਸ਼ਾਹ ਹੈ ।

ਬਰ ਦੋ ਆਲਮ ਸ਼ਾਹ ਗੁਰੁ ਗੋਬਿੰਦ ਸਿੰਘ ॥
ਖ਼ਸਮ ਰਾ ਜਾਂ-ਕਾਹ ਗੁਰੁ ਗੋਬਿੰਦ ਸਿੰਘ ॥

ਅਰਥ : ਗੁਰੂ ਗੋਬਿੰਦ ਸਿੰਘ ਦੋਹਾਂ ਜਹਾਨਾਂ ਦਾ ਬਾਦਸ਼ਾਹ ਹੈ, ਗੁਰੂ ਗੋਬਿੰਦ ਸਿੰਘ ਦੁਸ਼ਮਣ ਦੀ ਜਾਨ ਨੂੰ ਕਬਜ਼ ਕਰ ਦੇਣ ਵਾਲਾ ਹੈ ।

(ਚਲਦਾ ....)



ੴ

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੰਸਾਰ ਫੇਰੀ ਦਾ
# ਸੰਖੇਪ

**ਅਵਤਾਰ ਧਾਰਿਆ** - ਕੱਤਕ ਸੁਦੀ ਪੂਰਨਮਾਸੀ ਸੰਮਤ ੧੫੨੬ ਬਿਕ੍ਰਮੀ ਮੁਤਾਬਿਕ ੧੫ ਅਪ੍ਰੈਲ ਸੰਨ ੧੪੬੯ ਈਸਵੀ ।

**ਜਨਮ ਅਸਥਾਨ** - ਰਾਏ-ਭੋਇੰ ਦੀ ਤਲਵੰਡੀ, ਸ੍ਰੀ ਨਨਕਾਣਾ ਸਾਹਿਬ ਜ਼ਿਲਾ ਸ਼ੇਖੂਪੁਰਾ (ਪਾਕਿਸਤਾਨ) ।

**ਪਿਤਾ** - ਮਹਿਤਾ ਕਲਿਆਣ ਰਾਏ ਜੀ , ਬੇਦੀ ਵੰਸ਼ ਵਿਚੋਂ ।

**ਮਾਤਾ** - ਮਾਤਾ ਤ੍ਰਿਪਤਾ ਜੀ ।

**ਵਿਆਹ** - ਸ੍ਰੀ ਸੁਲੱਖਣੀ ਜੀ ਸਪੁੱਤਰੀ ਸ੍ਰੀ ਮੂਲ ਚੰਦ ਜੀ ਬਟਾਲਾ-ਨਿਵਾਸੀ ਨਾਲ, ੨੪ ਜੇਠ ਸੰਮਤ ੧੫੪੪ ਬਿਕ੍ਰਮੀ ੧੪੮੭ ਈ: ਨੂੰ ।

**ਸੰਤਾਨ** - ਦੋ ਸਪੁੱਤਰ-ਬਾਬਾ ਸ੍ਰੀ ਚੰਦ ਜੀ ਤੇ ਬਾਬਾ ਲਖਮੀ ਦਾਸ ਜੀ ।

**ਬਾਣੀ ਰਚਨਾ** - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ੯੪੭ ਸ਼ਬਦ , ੧੯ ਰਾਗਾਂ ਵਿਚ ।

**ਪ੍ਰਮੁੱਖ ਰਚਨਾਵਾਂ** : ਜਪੁ ਜੀ, ਸਿਧ ਗੋਸਟਿ ਆਸਾ ਦੀ ਵਾਰ, ਬਾਰਹ ਮਾਹ ਰਾਗ ਤੁਖਾਰੀ , ਪੱਟੀ, ਮਾਝ ਤੇ ਮਲਾਰ ਦੀ ਵਾਰ ।

**ਵਿਸ਼ੇਸ਼ ਜੀਵਨ ਘਟਨਾਵਾਂ** - ਬਚਪਨ ਵਿਚ ਪਾਂਧੇ, ਪਰੋਹਤ ਤੇ ਵੈਦ ਨੂੰ ਉਪਦੇਸ਼, ਸੱਚਾ ਸੌਦਾ ਕਰਨਾ, ਸਰਪ ਨੇ ਛਾਂ ਕਰਨੀ, ਮੋਦੀਖਾਨੇ ਤੇਰਾਂ-ਤੇਰਾਂ ਤੋਲਣਾ, ਵੇਈਂ ਨਦੀ ਵਿਚ ਪ੍ਰਵੇਸ਼ ਕਰਨਾ ਆਦਿ । ਜਗਤ ਜਲੰਦੇ ਨੂੰ ਤਾਰਨ ਤੇ ਠਾਰਨ ਹਿਤ ਚਾਰ ਮਹਾਨ ਉਦਾਸੀਆਂ ਕੀਤੀਆਂ । ਜਿਨ੍ਹਾਂ ਦੌਰਾਨ ਆਪ ਏਮਨਾਬਾਦ, ਹਰਿਦੁਆਰ, ਮਥਰਾ, ਕਾਂਸ਼ੀ,ਗਯਾ, ਜਗਨਨਾਥਪੁਰੀ ; ਜੈਸਲਮੇਰ, ਅਜਮੇਰ, ਪੁਸ਼ਕਰ, ਆਬੂ,

ਉਜੈਨ, ਨਾਂਦੇੜ, ਬਿਦਰ, ਰਾਮੇਸ਼ਵਰਮ, ਸੰਗਲਾਦੀਪ, ਸੋਮਨਾਥ ਦਵਾਰਕਾ, ਜਵਾਲਾਮੁਖੀ, ਮਨੀਕਰਨ,ਸੁਕੇਤ ਮੰਡੀ, ਚੰਬਾ, ਗੋਰਖਪੁਰ, ਪੀਲੀਭੀਤ, ਉਤਰਕਾਂਸ਼ੀ, ਤਿੱਬਤ, ਭੂਟਾਨ, ਨੇਪਾਲ, ਚੀਨ, ਗੁਜਰਾਤ, ਮੁਲਤਾਨ, ਸਿੰਧ, ਬਲੋਚਿਸਤਾਨ, ਮੱਕਾ-ਮਦੀਨਾ , ਬਗਦਾਦ , ਜਲਾਲਾਬਾਦ , ਹਸਨ-ਅਬਦਾਲ, ਪੁਣਛ ਅਤੇ ਸਿਆਲਕੋਟ ਆਦਿ ਕਈ ਦੂਰ-ਦੁਰੇਡੇ ਥਾਂਈਂ ਪੁੱਜੇ , ਵੱਖ-ਵੱਖ ਧਰਮਾਂ ਦੇ ਭਰਮ- ਗੜ੍ਹਾਂ ਨੂੰ ਤੋੜਿਆ, ਊਚ -ਨੀਚ ਦਾ ਭੇਦ ਮਿਟਾਇਆ ਨਾਮ ਜਪਣ , ਵੰਡ ਛਕਣ ਤੇ ਧਰਮ ਦੀ ਕਿਰਤ ਕਰਨ ਦੀ ਜਾਚ ਸਿਖਾਈ ।

ਰਾਇ ਬੁਲਾਰ ਗੋਪਾਲ ਪਾਂਧਾ, ਹਰਦਿਆਲ ਪਰੋਹਤ, ਦੌਲਤ ਖਾਂ ਲੋਧੀ, ਭਾਈ ਲਾਲੋ, ਭਾਈ ਮਰਦਾਨਾ , ਮਨਸੁਖ ਭਾਗੀਰਥ, ਦੁਨੀ ਚੰਦ , ਸ਼ੇਖ ਸੱਜਣ, ਮੀਆਂ ਮਿੱਠਾ, ਹਮਜਾ ਗੌਸ, ਸਾਲਸਰਾਇ , ਨੂਰ ਸ਼ਾਹ , ਝੰਡਾਬਾਢੀ, ਕੌਡਾ ਰਾਖਸ਼ ,ਵਲੀ ਕੰਧਾਰੀ , ਰਾਜਾ ਸ਼ਿਵਨਾਭ, ਪੰਡਤ ਬ੍ਰਹਮਦਾਸ , ਪੀਰ ਬਹਿਲੋਲ , ਜੀਵਨ ਭੂਮੀਆਂ, ਮਲਕ ਭਾਗੋ, ਬਾਬਰ ਆਦਿ ਅਨੇਕਾਂ ਨੂੰ ਆਪ ਨੇ ਵਰੋਸਾਇਆ ਅਤੇ ਸ਼ੁੱਭ ਕਰਮਨ ਦਾ ਉਪਦੇਸ਼ ਦਿੱਤਾ ।

ਆਪ ਸਿੱਖ ਧਰਮ ਦੇ ਬਾਨੀ ਸਨ । ਸੰਸਾਰ ਦੇ ਪੈਗੰਬਰਾਂ ਵਿਚ ਆਪ ਨੂੰ ਵਿਸ਼ੇਸ਼ ਰੁਤਬਾ ਪ੍ਰਾਪਤ ਹੈ । ਭਾਈ ਗੁਰਦਾਸ ਜੀ ਲਿਖਦੇ ਹਨ :-

**ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ ॥**

**(ਭਾਈ ਗੁਰਦਾਸ ਜੀ, ਵਾਰ ੧ , ਪਉੜੀ ੪੫ )**

**ਜੋਤੀ-ਜੋਤਿ ਸਮਾਏ-** ਅੱਸੂ ਸੁਦੀ ੧੦, ਸੰਮਤ ੧੫੯੬ ਬਿਕ੍ਰਮੀ ਮੁਤਾਬਿਕ , ੨੨ ਸਤੰਬਰ ਸੰਨ ੧੫੩੯ ਈਸਵੀ ਕਰਤਾਰਪੁਰ (ਪਾਕਿਸਤਾਨ) ਵਿਖੇ ।

**ਸਮਕਾਲੀ ਬਾਦਸ਼ਾਹ -** ਬਹਿਲੋਲ, ਸ਼ਿਕੰਦਰ, ਇਬਰਾਹੀਮ ਲੋਧੀ, ਬਾਬਰ ਤੇ ਹਮਾਯੂੰ ।

***

# 'ਗੁਰੂ ਨਾਨਕ, ਉਰਦੂ ਸ਼ਾਇਰਾਂ ਦੀ ਨਜ਼ਰ ਵਿਚ'

- ਸੀ ਬੁਧ ਰਾਮ ਜੀ ਕਲਸੀਆਂ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਾਜਿਕ-ਸਿਥੱਲਤਾ, ਆਰਥਿਕ-ਮੰਦਹਾਲੀ, ਰਾਜਨੀਤਕ ਦਾਸਤਾ, ਆਤਮਕ-ਨਿਰਬਲਤਾ, ਰੱਬੀ-ਅਨੇਕਤਾ ਅਤੇ ਕਰਤੱਵ ਪ੍ਰਤੀ ਉਪਰਾਮਤਾ ਵਿਰੁੱਧ ਆਪਣੀ ਆਵਾਜ਼ ਹੀ ਬੁਲੰਦ ਨਹੀਂ ਕੀਤੀ ਸਗੋਂ ਅੰਤ ਤੀਕ ਮਸਾਲੀ ਅਤੇ ਲਾਸਾਨੀ ਜੀਵਨ ਜਿਉਂਦਿਆਂ ਆਪਣੇ ਆਪ ਨੂੰ ਅੱਗੇ ਰੱਖਿਆ। ਮਨੁੱਖਤਾ ਦੇ ਪੈਗੰਬਰ ਅਤੇ ਬਹਾਰਾਂ ਦੇ ਪਿਆਂਬਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਜਿਹੀ ਅਨੂਪਮ ਸਜਾਤੀਆਂ ਅਤੇ ਭਰਾਤ੍ਰੀਆਂ ਫ਼ਿਲਾਸਫ਼ੀ ਨੂੰ ਉਰਦੂ ਸ਼ਾਇਰਾਂ ਨੇ ਆਪਣੇ ਵਿਸ਼ੇਸ਼ ਰੰਗ ਵਿਚ ਇਸ ਤਰ੍ਹਾਂ ਦਰਸਾਇਆ ਹੈ ਕਿ ਪੜ੍ਹਦਿਆਂ ਹੀ ਗੁਰੂ ਜੀ ਦੀ ਪੁਰਵਕਾਰ ਨੂਰਾਨੀ ਸ਼ਖਸੀਅਤ ਦ੍ਰਿਸ਼ਟੀਮਾਨ ਹੋ ਉਠਦੀ ਹੈ।

ਮਹਾਂ ਕਵੀ ਡਾ. ਇਕਬਾਲ ਨੇ ਗੁਰੂ ਜੀ ਦੀ ਪ੍ਰੇਮ ਭਰਪੂਰ ਏਕਤਾ- ਮਈ ਆਵਾਜ਼ ਨੂੰ ਮਾਜ਼ੀ ਦੇ ਨੂਰੀ ਝਰੋਖਿਆਂ ਰਾਹੀਂ ਸੁਣਿਆ ਅਤੇ ਕਹਿ ਉਠਿਆ -

**ਫ਼ਿਰ ਉਠੀ ਆਖ਼ਿਰ ਸਦੱਾ ਤੌਹੀਦ ਕੀ ਪੰਜਾਬ ਸੇ।**
**ਹਿੰਦ ਕੋ ਇਕ ਮਰਦਿ-ਕਾਮਿਲ ਨੇ ਜਗਾਇਆ ਖ੍ਵਾਬ ਸੇ।**

ਭਾਵ : 'ਅੰਤ ਪੰਜਾਬ ਦੇ ਮੈਦਾਨਾਂ ਚੋਂ ਮਹਾਂ-ਮਾਨਵ ਗੁਰੂ ਨਾਨਕ ਦੇਵ ਜੀ ਦੀ ਏਕਤਾ -ਮਈ ਆਵਾਜ਼ ਬੁਲੰਦ ਹੋਈ। ਇਸ ਪੂਰਨ-ਪੁਰਖ ਨੇ ਗ਼ਫਲਤ ਦੀ ਨੀਂਦ ਸੁੱਤੇ ਭਾਰਤ ਨੂੰ ਆ ਜਗਾਇਆ। ਡਾ. ਇਕਬਾਲ ਆਪਣੀ ਇਕ ਹੋਰ ਰਚਨਾ ਵਿਚ ਲਿਖਦੇ ਹਨ -

**' ਨਾਨਕ ਨੇ ਜਿਸ ਚਮਨ ਮੇਂ, ਵਹਿਦਤ ਕਾ ਗੀਤ ਗਇਆ।**
**ਮੇਰਾ ਵਤਨ ਵੋਹੀ ਹੈ, ਮੇਰਾ ਵਤਨ ਵੋਹੀ ਹੈ।**

ਭਾਵ : ਮੈਂ ਉਸ ਬਾਗ ਦੀ ਹੀ, ਬੁਲਬੁਲ ਹਾਂ ਜਿਥੇ ਗੁਰੂ ਨਾਨਕ ਦੇਵ ਜੀ ਨੇ ਰੱਬੀ - ਏਕਤਾ ਦੇ ਸ਼ਬਦ ਉਚਾਰੇ ਹਨ।

ਪ੍ਰਸਿੱਧ ਸ਼ਾਇਰ ਤ੍ਰਿਲੋਕ ਚੰਦ ਮਹਿਰੂਮ ਨੇ ਗੁਰੂ ਜੀ ਦੀ ਪੂਰਨ ਪੁਰਸਕੂਨ ਸ਼ਖਸੀਅਤ ਅਤੇ ਰੂਹਾਨੀਅਤ ਨੂੰ ਇਕ ਵਾਰਤਾਲਾਪ ਰਾਹੀਂ ਉਜਾਗਰ ਕੀਤਾ ਹੈ।

**ਬਾਬਰ : - ਨ ਮੈਖ਼ਾਨੇ ਕੋ ਦੇਖਾ ਚਾਹੀਏ ਚਸ਼ਮਿ ਹਕਾਰਤ ਸੇ।**
**ਕਿ ਹੋਤੀ ਹੈ ਯਹਾਂ ਸੇ ਬੇ -ਖ਼ੁਦੀ ਕੀ ਇਬਤਦਾ ਬਾਬਾ।**

ਭਾਵ : " ਬਾਬਰ ਗੁਰੂ ਜੀ ਨੂੰ ਕਹਿੰਦਾ ਹੈ ਕਿ ਸ਼ਰਾਬਖਾਨੇ ਤੋਂ ਘਿਰਨਾ ਨਹੀਂ ਕਰਨੀ ਚਾਹੀਦੀ ਕਿਉਂਕਿ ਮਸਤੀ ਏਥੋਂ ਹੀ ਜਨਮ ਲੈਂਦੀ ਹੈ। "

**ਬਾਬਾ ਨਾਨਕ - ਮੁਨਾਸਬ ਹੈ ਯੇਹੀ ਤਰਕੇ ਮੈ-ਅੰਗੂਰ ਕਰ ਸ਼ਾਹਾ।**
**ਹਮਾਰੇ ਜਾਮ ਸੇ ਥੋੜ੍ਹੀ ਸੀ ਅਬ ਮਨਜ਼ੂਰ ਕਰ ਸ਼ਾਹਾ।**

ਭਾਵ - " ਗੁਰੂ ਜੀ ਫੁਰਮਾਉਂਦੇ ਹਨ ਕਿ ਉੱਚਤ ਇਹ ਹੀ ਹੈ ਕਿ ਤੁਸੀਂ ਇਸ ਮਤ-ਨਾਸ਼ੀ ਸ਼ਰਾਬ ਦਾ ਖਹਿੜਾ ਛੱਡ ਕੇ ਸਾਡੇ ਰੂਹਾਨੀ ਪਿਆਲੇ ਚੋਂ ਨਾਮ-ਖੁਮਾਰੀ ਦੀਆਂ ਦੋ ਘੁੱਟਾਂ ਭਰ ਕੇ ਦੇਖੋ "।

ਅੱਜ ਦੇ ਚੋਟੀ ਦੇ ਸ਼ਾਇਰ " ਜਨਾਬਿ ਜੋਸ਼ ਮਲੀਸਾਨੀ ਨੇ ਵੀ ਗੁਰੂ ਜੀ ਅਤੇ ਬਾਬਰ ਦੀ ਮੁਲਾਕਾਤ ਦਾ ਚਿਤਰ ਪੇਸ਼ ਕਰਦਿਆਂ ਲਿਖਿਆ ਹੈ :-

'ਇਕ ਤਰਫ ਮੰਜ਼ਲ ਕੀ ਬੁਨਿਆਦੇ ਜ਼ਮੀਂ ਕੇ ਫਰਸ਼ ਪਰ।
ਇਕ ਤਰਫ ਇਕ ਮਰਦਿ -ਕਾਮਿਲ ਕੀ ਨਗਾਹੇਂ ਅਰਸ਼ ਪਰ।

ਭਾਵ : - 'ਮੁਲਾਕਾਤ ਸਮੇਂ ਇਕ ਪਾਸੇ ਬਾਬਰ ਦੀ ਅਲਪ ਕਾਲਿਕ ਸਕੰਦਰੀ ਸ਼ਾਨ ਸੀ ਅਤੇ ਦੂਜੇ ਪਾਸੇ ਪੂਰਨ-ਪੁਰਖ ਗੁਰੂ ਜੀ ਦਾ ਸਥਾਈ ਅੰਬਰੀ-ਜਲਾਲ ਪ੍ਰਕਾਸ਼ਮਾਨ ਸੀ। ਨਾਮ- ਖੁਮਾਰੀ ਦੇ ਆਸ਼ਿਕ ਗੁਰੂ ਜੀ ਬਾਬਰ ਦੇ ਸ਼ਾਹੀ -ਮਨ ਦੀ ਸਕਰੀਨ ਤੇ ਅੰਗੂਰੀ- ਪਾਣੀ ਦੀ ਹਕੀਕਤ ਪ੍ਰਕਾਸ਼ਮਾਨ ਕਰਦੇ ਫੁਰਮਾਉਂਦੇ ਹਨ :

ਯੇ ਪਰੀ ਸ਼ੀਸ਼ੇ ਮੇਂ ਜ਼ਹਿਰੀ ਨਾਗ ਸੇ ਕਮ ਨਹੀਂ।
ਸ਼ਕਲ ਪਾਨੀ ਕੀ ਹੈ ਲੇਕਨ ਆਗ ਸੇ ਕਮ ਨਹੀਂ।

ਗੁਰੂ ਜੀ ਨਾਮ-ਖੁਮਾਰੀ ਦੇ ਸਦੀਵੀ ਖੁਮਾਰ ਦੀ ਸ਼ਾਨ ਦੱਸਦੇ ਕਹਿੰਦੇ ਹਨ-

' ਮੈਂ ਨੇ ਜੋ ਪੀ ਹੈ ਕਿਆਮਤ ਤਕ ਉਤਰ ਸ਼ਕਤੀ ਨਹੀਂ।'

ਮਸ਼ਹੂਰ ਉਰਦੂ ਕਵੀ ਮੁਨਸ਼ੀ ਬਸੇਸ਼ਵਰ ਪ੍ਰਸਾਦ ਮਨੱਵਰ ਲਖਨਵੀ ਲਿਖਦੇ ਹਨ :

'ਪਾਰਸ ਜਿਸੇ ਫਰਾਇਜ਼ਿ- ਮੋਦੀ ਨੇ ਕਰ ਦੀਆ।
ਸਰ ਜਿਸ ਕੇ ਆਗੇ ਖਮ ਸ਼ਾਹਿ ਲੋਧੀ ਨੇ ਕਰ ਦੀਆ। '

ਭਾਵ : 'ਅਤੀ ਪ੍ਰੇਮ ਅਤੇ ਈਮਾਨਦਾਰੀ ਨਾਲ ਨਿਭਾਈਆ ਮੋਦੀ ਖਾਨੇ ਦੀਆਂ ਜ਼ੁੰਮੇਵਾਰੀਆਂ ਨੇ ਗੁਰੂ ਜੀ ਨੂੰ ਪਾਰਸ ਬਣਾ ਦਿੱਤਾ , ਇਹ ਦੇਖ ਲੋਧੀ-ਬਾਦਸ਼ਾਹਾਂ ਨੇ ਉਨ੍ਹਾਂ ਦੇ ਚਰਨਾਂ ਤੇ ਸਿਰ ਝੁਕਾ ਦਿੱਤਾ

'ਨਾਕੂਸ ਕੀ ਸਦਾ ਕੇ ਮਤਲਬ ਬਿਆ ਕੀਏ।
ਰਾਜ਼ -ਏ ਨਿਹਾਂ ਨਿਮਾਜ਼ -ਓ- ਅਜ਼ਾਂ ਕੇ ਅਯਾਂ ਕੀਏ। '

ਭਾਵ : 'ਗੁਰੂ ਜੀ ਨੇ ਪੂਜਾ ਦੇ ਸਹੀ ਰੂਪ ਅਤੇ ਨਿਮਾਜ਼ ਦੀਆਂ ਸਹੀ ਤਸ਼ਰੀਹਾਂ ਪੇਸ਼ ਕੀਤੀਆਂ।''

'ਲਾਲਾ ਦਿਆ ਰਾਮ ' ਨੇ ਗੁਰੂ ਜੀ ਪ੍ਰਤੀ ਅਕੀਦਤ ਕੇ ਫੁੱਲ ਪੇਸ਼ ਕਰਦਿਆਂ ਲਿਖਿਆ ਹੈ -

ਦਰਿਆਇ ਸਖ਼ਾਵਤ ਬਹਿਰਿ ਕਰਮ ਹੈਂ ਬਾਬਾ ਨਾਨਕ ਸ਼ਾਹ ਗੁਰੂ।
ਕਰ ਅਰਦਾਸ ਝੁਕਾਓ ਸਰ, ਦਮ ਦਮ ਪਰ ਬੋਲੋ ਵਾਹ ਗੁਰੂ।

ਭਾਵ - ਸ਼ਾਹ ਗੁਰੂ ਬਾਬਾ ਨਾਨਕ ਰਹਿਮਤ ਦੇ ਭੰਡਾਰ ਅਤੇ ਦਿਆ ਦੇ ਸਾਗਰ ਹਨ। ਸਿਰ ਝੁਕਾ ਅਰਦਾਸ ਕਰੋ ਅਤੇ ਹਰ ਪਲ ਵਾਹਿਗੁਰੂ ਵਾਹਿਗੁਰੂ ਉਚਾਰੋ। ''

ਮੁੰਤਜ਼ਿਰ ਗੁਜਰਾਂਵਾਲਵੀ ਲਿਖਦੇ ਹਨ :

ਨਾਨਕਿ - ਆਜ਼ਮ ਕੀ ਹਰ ਤਾਲੀਮ ਆਲਮਗੀਰ ਥੀ।
ਉਲਫਤਿ - ਇਨਸਾਂ ਕੀ ਜੀਤੀ ਜਾਗਤੀ ਤਸਵੀਰ ਥੀ।

ਭਾਵ : 'ਮਹਾਨ ਗੁਰੂ ਬਾਬਾ ਨਾਨਕ ਦੀ ਹਰ ਸਿੱਖਿਆ ਵਿਸ਼ਵ- ਵਿਆਪੀ ਅਤੇ ਮਾਨਵੀ-ਪਿਆਰ ਦਾ ਜਿਉਂਦਾ - ਜਾਗਦਾ ਸ਼ਾਹਕਾਰ ਸੀ।

ਤੂ ਵੋਹ ਕਾਅਬਾ ਹੈ ਕਿ ਕਾਅਬਾ ਨੇ ਕੀਆ ਤੇਰਾ ਤਵਾਫ।
ਜ਼ਾਹਿਰ ਓ ਬਾਤਨ ਤੇਰਾ ਮਾਨਿੰਦਿ ਆਈਨਾ ਸਾਫ਼।

ਭਾਵ - 'ਮਾਨਵੀ ਰੂਪ ਵਿਚ ਗੁਰੂ ਜੀ ਉਹ ਪਾਕ-ਪਵਿੱਤਰ ਤੀਰਥ ਸਨ, ਜਿਸ ਦੇ ਦੀਦਾਰ ਲਈ 'ਕਾਅਬਾ' ਜਿਹੇ ਤੀਰਥ -ਅਸਥਾਨ ਵੀ ਬੇਕਰਾਰ ਸਨ।

ਕ੍ਰਿਸ਼ਨ ਮੋਹਨ ਐਮ.ਏ ਲਿਖਦੇ ਹਨ :

ਪਹਿਲੇ ਪਹਿਲੇ ਨਾਨਕ ਨੇ ਹੀ ਯਕਜਹਿਤੀ ਕੀ ਸ਼ਿਕਸ਼ਾ ਦੀ ,
ਆਪਸ ਮੇ ਮਿਲ ਕਰ ਰਹਿਨੇ ਕੀ ਕਦਰ -ਓ - ਕੀਮਤ ਸਮਝਾ ਦੀ ।

ਭਾਵ : '' ਪਹਿਲਾ ਪਹਿਲ ਬਾਬਾ ਨਾਨਕ ਨੇ ਹੀ ਏਕਤਾ ਦਾ ਪਾਠ ਪੜ੍ਹਾਇਆ ਅਤੇ ਪ੍ਰੇਮ- ਸਹਿਤ ਰਹਿਣਾ ਸਿਖਾਇਆ ।'' ਗੁਰੂ ਜੀ ਸੱਚੇ ਦਿਲੋਂ ਹਿੰਦੂ-ਮੁਸਲਮਾਨ ਏਕਤਾ ਲਈ ਸਰਗਰਮ ਰਹੇ । ਉਨ੍ਹਾਂ ਦੇ ਏਕਤਾ-ਮਈ ਉਦੇਸ਼ ਨੂੰ ਸ੍ਰੀ ਗੋਪੀ ਨਾਥ ਅਮਨ ਨੇ ਆਪਣੇ ਇਕ ਸ਼ਿਅਰ ਵਿਚ ਇਸ ਤਰ੍ਹਾਂ ਦਰਸਾਇਆ ਹੈ :

'' ਵੋਹ ਹਸਤੀ, ਮਹਿਵ ਥੀ ਜੋ ਦੋਨੋਂ, ਫਿਰਕੋਂ ਕੇ ਮਿਲਾਨੇ ਮੇਂ ।
ਵੋਹ ਹਸਤੀ ਆਈ ਹਿੰਦੁਸਤਾਂ ਮੇਂ ਲੋਧੀ ਕੇ ਜਮਾਨੇ ਮੇਂ । ''

ਸ੍ਰ: ਦਰਸ਼ਨ ਸਿੰਘ ਦੁੱਗਲ ਫੁਰਮਾਉਂਦੇ ਹਨ :

'' ਪੀਰਿ ਨਨਕਾਣਾ ! ਤੇਰੀ ਰੂਹਿ-ਸਦਾਕਤ ਕੋ ਸਲਾਮ ''
ਜਾਵਦਾਂ ਪਰਚਮਿ ਉਲਫਤ ਤੇਰਾ ਲਹਿਰਾਤਾ ਹੈ ।

ਭਾਵ : ਨਨਕਾਣੇ ਵਿਚ ਪ੍ਰਗਟ ਹੋਏ ਗੁਰੂ , ਤੇਰੀ ਸੱਚੀ ਆਤਮਾ ਨੂੰ ਮੇਰਾ ਪਰਣਾਮ । ਤੇਰਾ ਲਹਿਰਾਇਆ ਪ੍ਰੇਮ ਰੂਪੀ ਸਦੀਵੀ ਝੰਡਾ ਹਰ ਪਾਸੇ ਲਹਿਰਾਉਂਦਾ ਹੈ '' । ਗੁਰੂ ਜੀ ਦੇ ਪ੍ਰਗਟ ਹੋਣ ਦੀ ਸ਼ਾਨ ਨੂੰ ਇਕ ਕਵੀ ਨੇ ਆਪਣੇ ਸ਼ਬਦਾਂ ਰਾਹੀਂ ਇਸ ਤਰ੍ਹਾਂ ਰੁਸ਼ਨਾਇਆ ਹੈ :

ਸੁਨੋ ਕਿ ਵਾਦੀਏ ਪੰਜਾਬ ਸੇ ਸਦਾ ਆਈ ,
ਫ਼ਰੇਬਿ-ਸੁਬ੍ਹਾ ਨ ਖਾਓ ਕਿ ਰੌਸ਼ਨੀ ਹੈ ਯਹਾਂ ।

ਭਾਵ - '' ਗਗਨਾਂ ਦੇ ਸੂਰਜ ਦੇ ਧੋਖੇ 'ਚ ਨ ਆਓ, ਹਕੀਕੀ ਸੂਰਜ ਦਾ ਨੂਰ ਤਾਂ ਪੰਜਾਬ ਦੇ ਮੈਦਾਨਾਂ 'ਚ ਮੋਤੀ ਲੁਟਾ ਰਿਹਾ ਹੈ ''

' ਮਿਟੀ ਧੁੰਧੁ ਜਗਿ ਚਾਨਣੁ ਹੋਆ'' ਭਾਈ ਗੁਰਦਾਸ ਜੀ ਇਹ ਮਿੱਠੀ ਗੂੰਜ਼ਾਰ ਰਾਮ ਕ੍ਰਿਸ਼ਨ ਮੁਜ਼ਤਰ ਦੇ ਨਿਮਨ -ਲਿਖਤ ਸ਼ਿਅਰ ਚੋਂ ਸਾਫ ਸੁਣਾਈ ਦਿੰਦੀ ਹੈ :-

'' ਓਅੰਕਾਰ ਕਾ ਸੂਰਜ ਨਿਕਲਾ ਦੂਰ ਹੂਆ ਅੰਧਿਆਰਾ ।
ਨਾਨਕ ਕੀ ਬਾਨੀ ਸੁਨ ਕਰ ਜਾਗ ਉਠਾ ਜਗ ਸਾਰਾ । ''

ਕੇਸਰ ਸਾਹਿਬ ਲਿਖਦੇ ਹਨ :

'' ਬਜਾ ਹੈ, ਉਸ ਕੋ ਕਹੇ ਹਮ, ਖੁਦਾ ਮਹੁੱਬਤ ਕਾ ,
ਖ਼ਲੂਸ ਸੇਵਾ ਮੱਜਸਮ ਵੋਹ ਬੁੱਤ ਸਦਾਕਤ ਕਾ ''

ਭਾਵ : 'ਗੁਰੂ ਜੀ ਸੱਚ-ਮੁੱਚ ਹੀ ਪ੍ਰੇਮ ਦੀ ਸਿਖਰ ਸਨ - ਪ੍ਰੇਮ ਰੂਪੀ ਪਰਮਾਤਾ ਸਨ । ਉਨ੍ਹਾਂ ਦਾ ਵਤੀਰਾ ਸਤਿਕਾਰ ਭਰਿਆ ਅਤੇ ਉਹ ਆਪ ਸੱਚ ਦਾ ਜਿਉਂਦਾ - ਜਾਗਦਾ ਸ਼ਾਹਕਾਰ ਸਨ ।

ਦਿਲੋਂ ਕੋ ਜੀਤ ਲੀਆ ਜਿਸ ਨੇ ਗ਼ਮ-ਗੁਸ਼ਾਰੀ ਸੇ ।
ਜੋ ਬਾਮਿ -ਔਜ ਪੇ ਪਹੁੰਚਾ ਥਾ ਇਨਕਸਾਰੀ ਸੇ ।

ਭਾਵ : ਗੁਰੂ ਜੀ ਨੇ ਹਮਦਰਦੀ ਅਤੇ ਪਿਆਰ ਰਾਹੀਂ ਦਿਲਾ ਨੂੰ ਜਿੱਤਿਆ ਅਤੇ ਉਹ ਨਿਮਰਤਾ ਰਾਹੀਂ ਵੱਧ ਉਨੱਤੀ ਦੀ ਉੱਚਤਮ ਸੀਮਾ ਤੇ ਪਹੁੰਚੇ । ਸਰਲਤਾ ਅਤੇ ਸਪਸ਼ੱਟਤਾ ਦੇ ਪਿਗਾਮੀ ਬਾਬਾ ਨਾਨਕ ਦੀ ਅਜ਼ੀਮ ਫ਼ਿਲਾਸਫੀ ਨੂੰ ਸਰਲ ਸ਼ਬਦਾਂ ਦਾ ਹੀ ਜਨਤਕ ਜਾਮਾਂ ਪਹਿਨਾਉਂਦਾ ਹੋਇਆ ਕਵੀ ਲਿਖਦਾ ਹੈ -

'ਅਦਾਏ - ਫਰਜ਼ ਜ਼ਰੂਰੀ ਹੈਂ ਆਦਮੀ ਕੇ ਲੀਏ ।
ਯੇਹੀ ਪਿਆਮ ਹੈ 'ਨਾਨਕ' ਕਾ ਹਰ ਕਿਸੇ ਕੇ ਲੀਏ ।

ਮੰਦਰ ਮਸਜਿਦ ਦੀ ਕੈਦ ਤੋਂ ਆਜ਼ਾਦ, ਗੁਰੂ ਨਾਨਕ ਦੇਵ ਜੀ, ਇਕੋ ਸਰਵ -ਵਿਆਪੀ, ਸਰਵ-ਸੰਪੰਨ, ਨਿਰੰਕਾਰੀ ਜੋਤ ਦੇ ਪਰਵਾਨੇ ਸਨ। ਸ਼ਾਕਰ ਸਾਹਿਬ ਦੇ ਇਸ ਸ਼ਿਅਰ ਵਿਚੋਂ ਗੁਰੂ ਜੀ ਦੀ ਫ਼ਿਲਾਸਫ਼ੀ ਅਤੇ ਸ਼ਖ਼ਸੀਅਤ ਦਾ ਨੂਰ ਆਪ ਮੁਹਾਰੇ ਛਲਕਦਾ ਹੈ :-

" ਉਸਕਾ ਸਜਦਾ ਸੰਗਿ-ਦਰ ਕੀ ਕੈਦ ਸੇ ਆਜ਼ਾਦ ਥਾ ।
ਏਕ ਏਕ ਜ਼ੱਰੇ ਮੇਂ ਨਾਨਕ ਕਾ ਖੁਦਾ ਆਬਾਦ ਥਾ । "

ਗੁਰੂ ਜੀ ਨੇ ਇਕ ਪਾਸੇ 'ਕਾਅਬੇ' ਦੇ ਦਰਾਂ ਤੇ ਹਰ ਪਾਸੇ ਫੈਲੇ ਰੱਬੀ ਨੂਰ ਨੂੰ ਦਰਸਾਇਆ ਅਤੇ ਦੂਜੇ ਪਾਸੇ ਗੰਗਾ ਦੇ ਤੱਟਾਂ ਤੇ ਵਹਿਮਾਂ ਨੂੰ ਫਟਕਾਰਿਆ। ਵਫਾ ਸਾਹਿਬ ਦਾ ਇਹ ਸ਼ਿਅਰ ਗੁਰੂ ਜੀ ਦੇ ਇਸ ਉਪਕਾਰ ਵੱਲ ਹੀ ਇਸ਼ਾਰਾ ਕਰਦਾ ਹੈ :-

'ਮੱਕੇ ਮੇਂ ਬਤਾਇਆ ਥਾ ਕਿ ਹਰ ਸਿੰਮਤ ਖ਼ੁਦਾ ਹੈ ।
ਗੰਗਾ ਪੇ ਬਤਾਇਆ ਕਿ ਕਿਉਂ ਵਹਿਮ ਕੀਆ ਹੈ । '

ਰਿਸ਼ੀ ਪਟਿਆਲਵੀ ਨੇ ਗੁਰੂ ਜੀ ਪ੍ਰਤੀ ਸ਼ਰਧਾ ਦੇ ਫੁੱਲ ਭੇਟਾ ਕਰਦਿਆਂ ਫੁਰਮਾਇਆ ਹੈ :

'ਸਤਾਰੋਂ ਕੋ ਜ਼ੀਆ ਦੇਤੀ ਹੈ, ਜਿਸਕੀ ਸ਼ਕਲ ਨੂਰਾਨੀ ।
ਕਬੂਲੀ ਹੰਸ ਕੇ ਸੁਲਤਾਨੋਂ ਨੇ ਜਿਸ ਕੇ ਦਰ ਕੀ ਦਰਬਾਨੀ । '

ਭਾਵ - 'ਸੂਰਜ ਪ੍ਰਤਾਪੀ ਨਾਇਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ-ਸਪਰਸ਼ ਲਈ ਬਾਦਸ਼ਾਹ ਵੀ ਬੇਕਰਾਰ ਰਹਿੰਦੇ ਸਨ।

ਸ : ਪੂਰਨ ਸਿੰਘ ਹੁਨਰ ਆਪਣੀ ਕਵਿਤਾ ਤਰਾਨਾ - ਏ - ਤੌਹੀਦ ਵਿਚ ਲਿਖਦੇ ਹਨ :-

ਹਿੰਦੂ ਮੁਸਲਿਮ ਕੋ ਬਾਹਮ, ਤੂ ਨੇ ਯਕਜਾ ਕਰ ਦੀਆ ।
ਬਾਦਾ - ਏ - ਤੌਹੀਦ ਸੇ, ਦੋਨੋਂ ਕਾ ਸਾਗਰ ਭਰ ਦੀਆ ।

ਭਾਵ :- ਗੁਰੂ ਜੀ ਨੇ ਰੱਬੀ-ਏਕਤਾ ਦੀ ਮੈ ਪਿਲਾ ਭਾਰਤੀ ਵਾਤਾਵਰਨ ਨੂੰ ਹਿੰਦੂ - ਮੁਸਲਿਮ ਏਕਤਾ ਦੀ ਮਸਤੀ ਨਾਲ ਮਹਿਕਾ ਦਿਤਾ। " ਪ੍ਰਮਾਤਮਾ ਦੀ ਯਾਦ ਮਹਿਵ ਗੁਰੂ ਜੀ ਦਾ ਧਰਮ 'ਸਚਾਈ' ਅਤੇ ਪੈਗ਼ਾਮ ਸੁਲਹ -ਸਫਾਈ ਸੀ । 'ਸ਼ਾਹਿਰ ਸਿਆਲਕੋਟੀ' ਦਾ ਇਹ ਸ਼ਿਅਰ ਇਸ ਤੱਤ ਨੂੰ ਹੀ ਉਜਾਗਰ ਕਰਦਾ ਹੈ :-

ਰਾਸਤੀ ਮਜ਼੍ਹਬ ਥਾ ਤੇਰਾ ਆਸਤੀ ਪੈਗ਼ਾਮ ਥਾ ।
ਹਰ ਘੜੀ ਹਰ ਵਕਤ ਤੇਰੇ ਲਬ ਪੇ ਹਰਿ ਕਾ ਨਾਮ ਥਾ ।

ਗੁਰੂ ਜੀ ਨੇ ਝੂਠੇ ਦੰਦ -ਖੰਡੀ -ਮੁਨਾਰਿਆਂ ਦੇ ਵਾਸੀ ਮਲਕ ਭਾਗੋ ਦੀ ਥਾਂ ਗਰੀਬੜੇ ਕਿਰਤੀ ਭਾਈ ਲਾਲੋ ਨੂੰ ਸੀਨੇ ਨਾਲ ਲਾਇਆ। 'ਹੁਮਾ ਹਰਨਾਲਵੀਂ' ਦੇ ਇਸ ਸ਼ਿਅਰ ਵਿਚੋਂ ਇਸ ਸਮਾਜ-ਵਾਦੀ ਸਦਾ ਹੀ ਸੁਣਾਈ ਦਿੰਦੀ ਹੈ :-

" ਗਰੀਬੋਂ ਸੇ ਦਾਮਨ ਬਚਾਤਾ ਨ ਥਾ,
ਅਮੀਰੋਂ ਕੋ ਖਾਤਰ ਮੇਂ ਲਾਤਾ ਨ ਥਾ । "

ਗੁਰੂ ਜੀ ਦੀ ਕ੍ਰਾਂਤੀ-ਕਾਰੀ ਛੋਹ ਪਾਉਂਦਿਆਂ ਹੀ ਸੁਆਰਥੀ ਮਾਨਵ ਮਾਨਵਤਾ ਦੇ ਸੇਵਕ ਬਣ ਗਏ । 'ਜਗਨ ਨਾਥ ਕਮਾਲ' ਦਾ ਇਹ ਸ਼ਿਅਰ ਇਸ ਸਚਾਈ ਨੂੰ ਹੀ ਪ੍ਰਗਟਾਉਂਦਾ ਹੈ :-

'ਐ ਗੁਰੂ ਤੇਰਾ ਕਰਮ ਭੀ ਇਨਕਲਾਬ ਆਮੇਜ਼ ਹੈ,
ਖ਼ੁਦ- ਗ਼ਰਜ਼ ਇਨਸਾਨ ਕੋ ਖ਼ਿਦਮਤ ਕਾ ਬੰਦਾ ਕਰ ਦੀਆ ''।

ਜਿਸ ਇਨਕਲਾਬੀ ਅਤੇ ਵਿਗਿਆਨਕ ਢੰਗ ਰਾਹੀਂ ਗੁਰੂ ਜੀ ਨੇ ਗੰਗਾ ਦੇ ਤੱਟਾਂ ਤੇ ਫੋਕੀਆਂ ਰਸਮਾਂ ਦਾ ਖੰਡਨ ਕੀਤਾ '' ਉਸ ਨੂੰ 'ਕਮਾਲ ਸਾਹਿਬ' ਨੇ ਬੜੀ ਕਮਾਲ ਨਾਲ ਚਿਤ੍ਰਿਆ ਹੈ :-

''ਆਜ ਤਕ ਗੁਨਗਨਾਤੀ ਹੈਂ ਯੇ ਗੰਗਾ ਕੀ ਲਹਿਰੇ,
ਖ਼ੁਦ ਤਮਾਸ਼ਾ ਬਨ ਕੇ ਰਸਮੋਂ ਕੋ ਤਮਾਸ਼ਾ ਕਰ ਦੀਆ। ''

ਗੁਰੂ ਜੀ ਦੀ ਸਿਖਰੀਂ ਪਹੁੰਚੀ ਪਵਿੱਤ੍ਰਤਾ ਦਾ ਜ਼ਿਕਰ ਕਰਦਿਆਂ ਸ੍ਰੀ ਸੋਹਨ ਨਾਲ ਸਾਹਿਰ ਨੇ ਫੁਰਮਾਇਆ ਹੈ :-

ਵੋਹ ਇਤਨੇ ਪਾਕ ਥੇ, ਪਾਕੀਜ਼ਗੀ ਕੋ ਨਾਜ਼ ਥਾ ਉਨ ਪਰ। ''

ਬਾਬਾ ਨਾਨਕ ਨੇ ਢਹਿੰਦੀਆਂ -ਕਲਾਂ ਵੱਲ ਜਾ ਰਹੇ ਹਰ ਮਾਨਵ ਦੇ ਮਨ ਨੂੰ ਰੁਸ਼ਨਾਇਆ। ਉਨ੍ਹਾਂ ਦੀ ਬਾਣੀ ਦਾ ਸਰਬ-ਲੋਕ-ਪ੍ਰਿਯ ਨੂਰ 'ਕੈਸ਼ ਸਾਹਿਬ' ਦੇ ਇਸ ਸ਼ਿਅਰ ਵਿੱਚੋਂ ਪ੍ਰਤੱਖ ਨਜ਼ਰੀਂ ਆਉਂਦਾ ਹੈ :-

'' ਰੂਹ -ਪਰਵਰ ਹੈ ਤੇਰਾ ਰੰਗਿ-ਕਲਾਮ ,
ਇਸ ਸੇ ਹਰ ਜ਼ਿੰਦਗੀ ਨਿਖਰਤੀ ਹੈ ''।

ਗੁਰੂ ਜੀ ਮਾਨਵੀ ਪਿਆਰ ਅਤੇ ਰੱਬੀ - ਏਕਤਾ ਦੀ ਜਿਉਂਦੀ - ਜਾਗਦੀ ਤਸਵੀਰ ਸਨ। ਸਾਰਾ ਵਿਸ਼ਵ ਹੀ ਉਨ੍ਹਾਂ ਦੀ ਮਹਾਨਤਾ ਦਾ ਕਾਇਲ ਸੀ। ਸ੍ਰੀ ਮੇਲਾ ਰਾਮ ਵਫਾ ਨੇ ਆਪਣੇ ਇਸ ਸ਼ਿਅਰ ਵਿਚ ਗੁਰੂ ਜੀ ਦੀ ਆਲਮਗੀਰ ਅਜ਼ਮਤ ਨੂੰ ਹੀ ਦਰਸਾਇਆ ਹੈ :-

'' ਤੁਝੇ ਸਾਰਾ ਜਹਾਂ ਪੈਗ਼ੰਬਰਿ - ਤੌਹੀਦ ਕਹਿਤਾ ਹੈ,
ਤੇਰੀ ਅਜ਼ਮਤ ਸੇ ਹੋ ਸਕਤਾ ਨਹੀਂ ਕੋਈ ਭੀ ਇਨਕਾਰੀ। ''

ਅੱਜ ਵੀ ਬਾਬਾ ਨਾਨਕ ਦੇ ਲਾਏ ਚਮਨ ਵਲ ਲੋਕਾਂ ਦੀਆਂ ਭੀੜਾਂ ਕਿਸੇ ਅਗੰਮੀ ਨਸ਼ੇ ਵਿਚ ਸਰਸ਼ਾਰ ਆਪਸੀ ਪਿਆਰ ਦੀਆਂ ਸ਼ਾਹਕਾਰ ਬਣੀਆਂ, ਤੁਰੀਆਂ ਜਾਂਦੀਆਂ ਨਜ਼ਰੀਂ ਆਉਂਦੀਆਂ ਹਨ। ਨਾਮ -ਖੁਮਾਰੀ ਦੇ ਮਤਵਾਲਿਆਂ ਨੂੰ ਦੇਖ 'ਅਖਤਰ ਰਜ਼ਵਾਨੀ ਸਾਹਿਬ' ਕਹਿ ਉਠੇ :-

'ਵੋਹ ਕੌਨਸਾ ਮੈਖਾਨਾ ਹੈ ਜਿਸਕੀ ਜਾਨਿਬ,
'ਨਾਨਕ' ਕੇ ਪਰਸਤਾਰ ਚਲੇ ਆਤੇ ਹੈਂ ? '

ਡਾ. ਇਕਬਾਲ ਦਾ ਇਕ ਸ਼ਿਅਰ ਹੈ :-

'ਹਜ਼ਾਰੋਂ ਸਾਲ ਨਰਗਸ ਆਪਣੀ ਬੇ-ਨੂਰੀ ਪੇ ਰੋਤੀ ਹੈ,
ਬੜੀ ਮੁਸ਼ਕਲ ਸੇ ਹੋਤਾ ਹੈ ਚਮਨ ਮੇਂ ਦੀਦਾ-ਵਰ ਪੈਦਾ। '

ਅੱਜ ਉਸ ਦੀਦਾ-ਵਰ, ਮਾਨਵੀ ਪਿਆਰ ਦੇ ਸ਼ਾਹ ਫਕੀਰ, ਇਨਸਾਨੀ ਉਲਫਤ ਦੇ ਮੈ-ਖਾਨੇ ਦੇ ਪੀਰ ਨੂੰ 'ਅਖ਼ਤਰ ਸਾਹਿਬ' ਹੀ ਨਹੀਂ ਸਮੁੱਚੀ ਮਾਨਵ ਜਾਤੀ ਹੀ ਢੂੰਡ ਰਹੀ ਹੈ :-

'ਬੇਕੈਫ ਹੈ ਮੈ, ਜਾਮ -ਓ- ਸਬੂ ਖ਼ਾਲੀ ਹੈ,
ਅਬ ਢੂੰਡੀਏ ਗਾ, ਪੀਰੇ-ਮਗਾਂ ਨਾਨਕ ਸਾ। ''

★★★

# ਸ੍ਰੀ ਗੁਰੂ ਗ੍ਰੰਥ ਸਾਹਿਬ

- ਸਤਿਬੀਰ ਸਿੰਘ

ਗੁਰੂ ਗ੍ਰੰਥ ਸਾਹਿਬ ਸਿੱਖ ਜਗਤ ਦਾ ਇਸ਼ਟ ਅਤੇ ਪੂਜ ਗ੍ਰੰਥ ਤਾਂ ਹੈ ਹੀ ਪਰ ਇਕ ਐਸਾ ਰੂਹਾਨੀ ਥਾਲ ਵੀ ਹੈ ਜਿਸ ਵਿਚ ਛੱਤੀ ਪਦਾਰਥ ਹਨ। ਛੱਤੀ (੩੬) ਮਹਾਂ ਪੁਰਸ਼ਾਂ ਦੀ ਬਾਣੀ ਇਸ ਵਿਚ ਅੰਕਿਤ ਹੈ। ਸਭ ਰਸ ਆਤਮਿਕ, ਸਾਹਿਤਕ, ਸੁਹਜਾਤਮਿਕ ਅਤੇ ਧਾਰਮਿਕ ਇਸੇ ਵਿਚੋਂ ਹੀ ਮਾਣੇ ਜਾ ਸਕਦੇ ਹਨ।

ਗੁਰੂ ਗ੍ਰੰਥ ਸਾਹਿਬ ਵਾਹਿਗੁਰੂ ਦਾ ਸ਼ੁੱਧ ਗਿਆਨ ਹੈ। ਲਗਾਤਾਰ ਇਕੋ ਚਾਲ, ਇਕੋ ਰੂਪ ਅਤੇ ਇਕ ਧੁਨੀ ਸੁਣਨ ਨੂੰ ਮਿਲਦੀ ਹੈ। ਇਸ ਵਿਚ ਬੇਨਤੀ, ਬਿਰਹੋਂ, ਨਿਰਮਲ-ਭਉ, ਗਿਆਨ, ਸੇਵਾ, ਸਿਮਰਨ, ਸ਼ਰਧਾ, ਪਿਆਰ ਅਤੇ ਪ੍ਰੇਮਾ ਭਗਤੀ ਦੇ ਅਨਿਕ ਤਰੰਗ ਹਨ। ਚਾਨਣ ਹੀ ਚਾਨਣ ਹਰ ਤੁਕ ਵਿਚ ਪਸਰਿਆ ਹੈ ਪਰ ਐਸਾ ਚਾਨਣ ਜੋ ਅੱਖਾਂ ਚੁੰਧਿਆਉਂਦਾ ਨਹੀਂ ਸਗੋਂ ਭਲਾ-ਭਲਾ ਲਗਦਾ ਹੈ। ਪਾਠ ਕਰਦਿਆਂ ਐਸੀ ਰਸ ਮਸਤੀ ਛਾਂਉਦੀ ਹੈ ਕਿ ਹਿਰਦਾ ਝੂਮਦਾ ਦਿਖਾਈ ਦੇਂਦਾ ਹੈ। ਵਜੂਦ ਤਾਰੀ ਹੁੰਦਾ ਹੈ ਪਰ ਹੋਸ਼ ਗੁੰਮ ਨਹੀਂ ਹੁੰਦੀ। ਅੰਦਰ ਬਾਹਰ ਦੀ ਪੂਰੀ ਹੋਸ਼ ਰਹਿੰਦੀ ਹੈ।

ਗੁਰੂ ਗ੍ਰੰਥ ਸਾਹਿਬ ਰਿਦਾ ਹੈ ਗੁਰੂ ਸਾਹਿਬਾਨ ਦਾ, ਜਿੰਦ ਹੈ ਭਗਤਾਂ ਦੀ ਅਤੇ ਪੁੱਗਿਆ ਹੋਇਆਂ ਦੀ ਗਾਥਾ ਹੈ।

**ਬੀੜ ਕਿਵੇਂ ਬੱਝੀ :** ਗੁਰੂ ਪਾਤਸ਼ਾਹ ਲੋਕਾਈ ਨੂੰ ਸ਼ਬਦ ਦੇ ਹੀ ਲੜ ਲਗਾਉਣ ਆਏ ਸਨ ਅਤੇ ਇਸੇ ਲਈ ਦਸ ਜਾਮੇ ਧਾਰੇ ਤਾਂ ਕਿ ਸ਼ਬਦ ਦੀ ਜ਼ਿੰਮੇਵਾਰੀ ਉਠਾਉਣ ਜੋਗ ਕੌਮ ਹੋ ਸਕੇ। ਗੁਰੂ ਸਾਹਿਬ ਨੇ ਕਦੇ ਵਿਅਕਤੀ, ਨਿਜ ਜਾਤ ਜਾਂ ਵਕਤੀ ਲੋੜ ਲਈ ਗੁਰੂ ਧਾਰਨ ਦੀ ਗੱਲ ਨਾ ਕੀਤੀ। ਸਿਰਫ਼ ਸ਼ਬਦ ਦਾ ਲੜ ਪਕੜਨ ਲਈ ਆਖਿਆ।

ਜਦ ਸਿੱਖਾਂ ਨੇ ਗੁਰੂ ਨਾਨਕ ਦੇਵ ਜੀ ਨੂੰ "ਆਪਨਾ 'ਨਾਉ ਤੁਮ ਦੇਹੁ ਬਤਾਈ" ਪੁੱਛਿਆ ਤਾਂ ਗੁਰੂ ਜੀ ਨੇ ਸਿਰਫ਼ ਇਤਨਾ ਕਹਿਆ : 'ਨਾਂਮ ਜਪੇ ਗਤਿ ਪਾਈ'। ਮੈਂ ਕੋਈ ਆਪਣਾ ਨਾਮ ਜਪਾਉਣ ਲਈ ਨਹੀਂ ਆਇਆ। ਭਾਈ ਨੰਦ ਲਾਲ ਜੀ ਨੇ ਵੀ ਲਿਖਿਆ ਹੈ ਕਿ ਵਾਹਿਗੁਰੂ ਨੇ ਗੁਰੂ ਨਾਨਕ ਨੂੰ ਇਹੀ ਆਗਿਆ ਕੀਤੀ ਸੀ ਕਿ ਲੋਕਾਂ ਦਾ ਮੂੰਹ ਮੇਰੇ ਵੱਲ ਫੇਰੋ।

ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ ਜਦ ਗੁਰੂ ਨਾਂਨਕ ਧਰਤ ਲੋਕਾਈ ਨੂੰ ਸੋਧਣ ਲਈ ਨਿਕਲੇ ਸਨ ਤਾਂ ਉਨ੍ਹਾਂ ਹੱਥ ਆਸਾ (ਡੰਡਾ), ਪਾਸ ਕਿਤਾਬ ਤੇ ਇਕ ਜਲ ਲਈ ਕੂਜ਼ਾ ਤੇ ਵਿਛਾਈ ਲਈ ਚਟਾਈ (ਮਸੱਲਾ) ਸੀ।

ਆਸਾ ਹਥਿ ,ਕਿਤਾਬ ਕਛਿ ਕੂਜਾ, ਬਾਂਗ ਮੁਸੱਲਾ ਧਾਰੀ।

ਉਸੇ ਕਿਤਾਬ ਵਿਚ ਗੁਰੂ ਨਾਂਨਕ ਜੀ ਜਿੱਥੇ ਆਪਣੀ ਉਚਾਰੀ ਬਾਣੀ ਦਰਜ਼ ਕਰਦੇ ਉਥੇ ਭਗਤਾਂ ਦੀ ਵੀ ਜਿਹਨਾਂ ਦਾ ਮੇਲ ਹੋਇਆ ਜਾਂ ਜਿੱਥੇ ਭਗਤਾਂ ਦੀ ਬਾਣੀ ਉਨ੍ਹਾਂ ਦੇ ਟਿਕਾਣਿਆਂ ਤੋਂ ਮਿਲੀ, ਦਰਜ ਕਰੀ ਜਾਂਦੇ। ਬੀੜ ਬੰਨ੍ਹਣ ਦਾ ਸਿਧਾਂਤ ਵੀ ਆਪ ਜੀ ਨੇ ਮੂਲ ਰੂਪ ਵਿਚ ਇਹ ਦਰਸਾਇਆ:

ਨਾਨਕ ਵੇਚਾਰਾ ਕਿਆ ਕਹੈ। ਸਭ ਲੋਕ ਸਲਾਹੈ ਏਕ ਸੈ।
ਸਿਰ ਨਾਨਕ ਲੋਕਾ ਪਾਵ ਹੈ।ਬਲਿਹਾਰੀ ਜਾਉ ਜੇਤੇ ਤੇਰੇ ਨਾਮ ਹੈ।

ਪੁਰਾਤਨ ਜਨਮ ਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਅੰਗਦ ਕਉ ਸ਼ਬਦ ਕੀ ਥਾਪਣਾ ਦੇ ਕਰ ਸੰਮਤ ੧੫੯੬ ਅਸੂ ਵਦੀ ਦਸਮੀ (ਪੰਜ ਸਤੰਬਰ ੧੫੩੯) ਨੂੰ ਸਚਖੰਡ ਕਉ ਸਿਧਾਰੇ। ਪ੍ਰਸੰਨ ਹੋ ਕਰ ਬਾਣੀ ਕਾ ਖ਼ਜਾਨਾ ਗੁਰੂ ਅੰਗਦ ਦੇਵ ਜੀ ਦੇ ਹਵਾਲੇ ਕੀਤਾ।

ਇਸੇ ਤਰ੍ਹਾਂ ਗੁਰੂ ਅੰਗਦ ਦੇਵ ਜੀ ਨੇ ਸਾਰਾ ਸ਼ਬਦ ਭੰਡਾਰ ਆਪਣੀ ਬਾਣੀ ਦਰਜ ਕਰ ਗੁਰੂ ਅਮਰਦਾਸ ਜੀ ਨੂੰ ਅਤੇ ਫਿਰ ਉਨ੍ਹਾਂ ਗੁਰੂ ਰਾਮਦਾਸ ਜੀ ਨੂੰ ਅਤੇ ਚੌਥੇ ਪਾਤਸ਼ਾਹ ਨੇ ਗੁਰੂ ਅਰਜਨ ਦੇਵ ਜੀ ਨੂੰ ਸੌਂਪਿਆ।

ਇਸ ਬਾਰੇ ਵੀ ਪੁਰਾਤਨ ਜਨਮ ਸਾਖੀ ਦੀ ਹੀ ਗਵਾਹੀ ਹੈ ਕਿ ਭਾਈ ਮਨਸੁਖ ਤੀਨ ਧਰਮ ਬਾਬੇ ਕੋਲ ਰਿਹਾ। ਫੇਰ ਬਾਬੇ ਵਿਦਿਆ ਕੀਤਾ। ਗੁਰ ਬਾਬੇ ਦੀ ਬਾਣੀ ਬਹੁਤ ਲਿਖਿਆ ਸੂ। ਪੋਥੀਆਂ ਲਿਖ ਲੀਤਓਸ। ਬਾਬਾ ਮੋਹਨ ਜੀ ਪਾਸ ਵੀ ਉਤਾਰੇ ਦੀਆਂ ਪੋਥੀਆਂ ਸਨ। ਗੁਰੂ ਰਾਮਦਾਸ ਜੀ ਵੀ ਆਪੂੰ ਉਤਾਰਾ ਕਰਦੇ ਸਨ। ਜਦ ਗੁਰੂ ਅਰਜਨ ਦੇਵ ਜੀ ਨੇ ਬੀੜ ਬੰਨ੍ਹਣ ਦਾ ਨਿਰਣਾ ਲਿਆ ਤਾਂ ਬੜੇ ਅਦਬ ਨਾਲ ਪੋਥੀਆਂ ਬਾਬਾ ਮੋਹਨ ਜੀ ਪਾਸੋਂ ਗੋਇੰਦਵਾਲ ਸਾਹਿਬ ਤੋਂ ਲੈ ਕੇ ਅੰਮ੍ਰਿਤਸਰ ਆਏ ਅਤੇ ਫਿਰ ਬਾਬਾ ਮੋਹਨ ਜੀ ਜਦ ਸ੍ਰੀ ਦਰਬਾਰ ਸਾਹਿਬ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਉਪਰੰਤ ਦਰਸ਼ਨਾਂ ਨੂੰ ਪੋਥੀਆਂ ਵਾਪਸ ਵੀ ਲੈ ਗਏ।

**ਬੀੜ ਬੰਨ੍ਹਣ ਦਾ ਨਿਰਣਾ :**

ਮਹਿਮਾ ਪ੍ਰਕਾਸ਼ ਨੇ ਬੀੜ ਬੰਨ੍ਹਣ ਦਾ ਵੱਡਾ ਕਾਰਨ ਇਹ ਲਿਖਿਆ ਹੈ ਕਿ ਇਕ ਸਮੇਂ ਗੁਰੂ ਅਰਜਨ ਦੇਵ ਜੀ ਦੇ ਚਿਤ ਆਈ ਕਿ ਪੰਥ ਤਾਂ ਗੁਰੂ ਨਾਨਕ ਨੇ ਪ੍ਰਗਟ ਕਰ ਦਿੱਤਾ ਹੈ ਪਰ ਉਸ ਨੂੰ ਸਦਾ ਰੋਸ਼ਨੀ ਮਿਲਦੀ ਰਵ੍ਹੇ, ਇਸ ਲਈ ਗੁਰੂ ਗ੍ਰੰਥ ਦੀ ਲੋੜ ਹੈ।

**ਏਕ ਦਿਵਸ ਪ੍ਰਭ ਪ੍ਰਾਤਹ ਕਾਲ। ਦਇਆ ਭਰੇ ਪ੍ਰਭ ਦੀਨ ਦਿਆਲ।**
**ਚਿਤ ਮਹਿ ਉਪਜੀ ਪ੍ਰਗਟਿਓ ਜਗ ਪੰਥ ਤਿਹ ਕਾਰਨ ਕੀਚੇ ਅਬ ਗ੍ਰੰਥ।**

ਭਾਈ ਮਨੀ ਸਿੰਘ ਜੀ ਨੇ ਭਾਈ ਗੁਰਦਾਸ ਜੀ ਦੇ ਹਵਾਲੇ ਨਾਲ ਲਿਖਿਆ ਹੈ ਕਿ ਇਕ ਸਮੇਂ ਭਾਈ ਗੋਪੀ ਮਹਿਤਾ, ਭਾਈ ਤੀਰਥ, ਭਾਈ ਨੱਕਾ, ਭਾਈ ਭਾਉ ਕੋਮਲ ਅਤੇ ਭਾਈ ਢਿਲੀ ਗੁਰੂ ਅਰਜਨ ਜੀ ਪਾਸ ਆਏ ਤੇ ਬੇਨਤੀ ਕੀਤੀ : ਜੀ ਸੱਚੇ ਪਾਤਸ਼ਾਹ! ਗੁਰੂ ਕੀ ਬਾਣੀ ਨੂੰ ਸੁਣਦੇ ਹਾਂ ਤਾਂ ਭੈ ਪ੍ਰਾਪਤ ਹੁੰਦਾ ਹੈ ਪਰ ਪ੍ਰਿਥੀ ਮੱਲ ਤੇ ਮਹਾਂਦੇਵ ਤੇ ਹੋਰ ਸੋਢੀਆਂ ਦਿਆਂ ਨੇ ਬਾਣੀਆਂ ਕਰਕੇ ਵਿਚ ਗੁਰੂ ਨਾਨਕ ਜੀ ਦਾ ਭੋਗ ਪਾਇਆ ਹੈ। ਉਨ੍ਹਾਂ ਨੂੰ ਜਦ ਸੁਣਦੇ ਹਾਂ ਤਾਂ ਚਤੁਰਾਈ ਤੇ ਅਭਿਮਾਨ ਵੱਧਦਾ ਹੈ। ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ :

ਭਾਈ ਗੁਰਦਾਸ! ਹੁਣ ਤਾਂ ਬਾਣੀਆਂ ਨੂੰ ਸਿੱਖ ਜਾਣਦੇ ਹੈਨਿ ਅਗੋਂ ਜੋ ਹੋਵਣਗੇ ਸੋ ਪਛਾਨਣਗੇ ਨਹੀਂ, ਤਾਂ ਜੋ ਗੁਰੂ ਜੀ ਕੀ ਬਾਣੀ ਕੌਣ ਹੈ ਅਤੇ ਬਾਹਰ ਕੀ ਕੌਣ ਹੈ ਤਾਂ ਬਾਣੀਆਂ ਇਕੱਠੀਆਂ ਕਰਕੇ ਗ੍ਰੰਥ ਜੀ ਦੀ ਬੀੜ ਕੀਚੈ ਅਤੇ ਅੱਖਰ ਭੀ ਗੁਰਮੁਖੀ ਸੁਗਮ ਕੀਚੈ।

ਬੰਸਾਵਲੀ ਨਾਮੇ ਦੇ ਲਿਖਾਰੀ ਭਾਈ ਕੇਸਰ ਸਿੰਘ ਛਿੱਬਰ ਨੇ ਵੀ ਲਿਖਿਆ ਹੈ ਕਿ ਇਕ ਦਿਵਸ ਇਕ ਸਿੱਖ ਨੇ ਸ਼ਬਦ ਮੇਹਰਬਾਨ ਦਾ ਕੀਰਤਨ ਵਿਚ ਪੜ੍ਹਿਆ। ਉਹ ਗੁਰੂ ਅਰਜਨ ਦੇਵ ਜੀ ਦੀ ਸਰਵਣੀ ਪਿਆ। ਬਚਨ ਕੀਤਾ :

**ਭਾਈ ਗੁਰਦਾਸ! ਗੁਰੂ ਦੀ ਬਾਣੀ ਜੁਦਾ ਕਰੀਏ।**
**ਮੀਨੇ ਪਾਂਦੇ ਨੇ ਰਲਾ, ਸੋ ਵਿਚ ਰਲਾ ਨ ਧਰੀਏ।**

ਮੀਣਿਆਂ ਨੇ ਇਕ ਗ੍ਰੰਥ ਬਣਾ ਵੀ ਲਿਆ ਸੀ ਜਿਸ ਵਿਚ ਹੁਸ਼ਿਆਰੀ ਇਹ ਵਰਤੀ ਸੀ ਕਿ

ਚਹੁੰਆਂ ਪਾਤਸ਼ਾਹੀਆਂ ਦੇ ਸ਼ਬਦ ਪਾ ਕੇ ਆਪਣੇ ਨਾਲ ਰਲਾ ਦਿੱਤੇ ਸਨ।

**ਮੀਣਿਆਂ ਵੀ ਇਕ ਪੁਸਤਕ ਗ੍ਰੰਥ ਬਣਾਇਆ।**
**ਚੋਹਾਂ ਪਾਤਸ਼ਾਹੀਆਂ ਦੇ ਸ਼ਬਦ ਬਾਣੀ ਵਿਚ ਲਿਖ ਪਾਇਆ।**
**ਸੋ ਭਾਈ ਗੁਰਦਾਸ ਕੋ ਆਗਿਆ ਕਰੀ।**
**ਸਭ ਕਰੋ ਇਕਤ੍ਰ ਬਾਨੀ ਇਹ ਘਰੀ।**
**ਅਉਰ ਬਾਨੀ ਸਭ ਭਗਤਨ ਕੀ ਮੇਲੋ।**
**ਸਾਚੀ ਰਾਖੋ, ਝੂਠੀ ਪੇਲੋ।**

ਇਹ ਵੀ ਗੁਰੂ ਜੀ ਦਾ ਵਿਚਾਰ ਸੀ ਕਿ ਜਗਤ ਤੇ ਪ੍ਰਗਟ ਕੀਤਾ ਜਾਵੇ ਕਿ ਸਿੱਖ ਧਰਮ ਵਿਚ ਇਹੋ ਜਿਹਾ ਕੋਈ ਭਰਮ ਨਹੀਂ ਅਤੇ ਹਰ ਇਕ ਨੇਕ ਪੁਰਸ਼ ਭਾਵੇਂ ਉਹ ਕਿਸੇ ਜਾਤ ਅਤੇ ਮਤ ਦਾ ਹੈ ਸੱਚ ਪਛਾਣ ਸਕਦਾ ਹੈ ਤੇ ਵਡਿਆਈ ਅਤੇ ਸਨਮਾਨ ਯੋਗ ਹੈ।

**ਸੰਭਾਲਾਂ** : ਛੇ ਦੇ ਕਰੀਬ ਸੰਭਾਲਾਂ ਬੀੜ ਬੰਨ੍ਹਣ ਵੇਲੇ ਗੁਰੂ ਜੀ ਨੇ ਕੀਤੀਆਂ। ਪਹਿਲੀ ਵੱਡੀ ਸੰਭਾਲ ਰਾਗਾਂ ਦੀ ਚੋਣ ਵੇਲੇ ਕੀਤੀ। ਕੋਈ ਭੜਕੀਲਾ ਜਾਂ ਸੋਗਮਈ ਰਾਗ ਨਾ ਵਰਤਿਆ। ਗੁਰੂ ਗ੍ਰੰਥ ਸਾਹਿਬ ਵਿਚ ਨ ਮੇਘ ਨੂੰ ਥਾਂ ਹੈ ਨਾ ਹੀ ਦੀਪਕ ਨੂੰ। ਮਿਲਬੇ ਵੇਲੇ ਉਛਾਲਾ ਨਹੀਂ ਅਤੇ ਬਿਓਗ ਵੇਲੇ ਅਤਿ ਸਾੜਾ ਨਹੀਂ। ਸਭ ਕੁਝ 'ਸਹਿਜ ਸੇਤੀ' ਪ੍ਰਾਪਤ ਕਰਨ ਦਾ ਹੁਕਮ ਹੈ। ਚੁਪ ਵੀ ਨਹੀਂ ਹੋ ਬੈਠਣਾ ਇਸ ਲਈ ਬਸੰਤ ਦੇ ਠਰੰਮੇ ਨਾਲ ਹਿੰਡੋਲ ਰਲਾ ਦਿੱਤਾ। ਗਉੜੀ ਦੀ ਗੰਭੀਰਤਾ ਹੀ ਹਾਵੀ ਨਾ ਹੋ ਜਾਵੇ ਸੋ ਗਉੜੀ ਨਾਲ ਦੀਪਕੀ ਰਲਾਈ।

ਪ੍ਰਚੰਡ ਭਗਤੀ (Violent Meditation) ਜਾਂ 'ਪਗ ਘੁੰਘਰੂ ਬਾਂਧ' ਮੀਰਾ ਵਾਲਾ ਨਾਚ ਨਹੀਂ ਹੈ।

**ਦੂਜੀ ਸੰਭਾਲ**- ਕਿਸੇ ਵੀ ਰਾਗ ਨੂੰ ਰਾਗਣੀ ਦੇ ਤੌਰ ਤੇ ਨਹੀਂ ਵਰਤਿਆ। ਭਾਵੇਂ ਪ੍ਰਚੱਲਤ ਪ੍ਰਣਾਲੀਆਂ ਅਨੁਸਾਰ ਉਹ ਰਾਗਣੀਆਂ ਦੀ ਸ਼੍ਰੇਣੀ ਵਿਚ ਰੱਖੇ ਜਾਂਦੇ ਸਨ। ਟੋਡੀ ਰਾਗਣੀ ਹੈ ਪਰ ਆਪ ਜੀ ਨੇ ਰਾਗ ਕਰਕੇ ਹੀ ਲਿਖਿਆ। ਰਾਗ ਰੰਗ ਤਮਾਸ਼ਿਆਂ ਲਈ ਨਹੀਂ, ਆਤਮ ਰੰਗ ਚਾੜ੍ਹਨ ਲਈ ਵਰਤੇ। " ਰਾਗ ਰਤਨ ਪਰੀਆ ਪਰਵਾਰ। ਤਿਸ ਵਿਚ ਉਪਜੈ ਅੰਮ੍ਰਿਤ ਸਾਰ। "

**ਤੀਜੀ ਵੱਡੀ ਸੰਭਾਲ** - ਗੁਰੂ ਗ੍ਰੰਥ ਸਾਹਿਬ ਵਿਚ ਹਉਂ, ਵਿਤਕਰੇ, ਵਰਣ ਆਸ਼ਰਮ ਦੀਆਂ ਵਿੱਥਾਂ, ਜਿਨਸੀ ਭੇਦ, ਇਨਸਾਨੀ ਜੀਵਨ ਦੀ ਬੇਕਦਰੀ ਦੀਆਂ ਗੱਲਾਂ, ਸੰਨਿਆਸ ਜਾਂ ਬੇਹਰਕਤ ਕਰਨ ਵਾਲੇ ਖਿਆਲਾਂ ਨੂੰ ਕੋਈ ਥਾਂ ਨਹੀਂ। ਇਹ ਹੀ ਕਾਰਨ ਹੈ ਜਦ ਕਾਹਨਾ, ਛਜੂ, ਪੀਲੂ ਤੇ ਸ਼ਾਹ ਹੁਸੈਨ ਨੇ ਆਪਣੀ ਰਚਨਾ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਉਣ ਦੀ ਆਖੀ ਤਾਂ ਆਪ ਜੀ ਨੇ ਇਹ ਫ਼ਰਮਾਇਆ ਕਿ ਵਿਰੋਧੀ ਸਿਧਾਂਤ ਇਕ ਥਾਂ ਰੱਖਣੇ ਠੀਕ ਨਹੀਂ।

**ਸ਼ਬਦ ਵਿਰੋਧੀ ਮਿਲਹਿ ਨ ਇਕ ਥਲ ਰਾਖਹੁ ਆਪ, ਲਿਖਹ ਕਿਤ ਥਾਇ।**

ਕਾਹਨਾ ਨੇ ਆਪਣੀ ਰਚਨਾ ਵਿਚ ਹਉਂ ਦਾ ਪ੍ਰਗਟਾਵਾ ਕੀਤਾ ਸੀ। ਛਜੂ ਨੇ ਜਣਨੀ ਦੀ ਨਿੰਦਾ ਕੀਤੀ ਸੀ ਅਤੇ ਪੀਲੂ ਨੇ ਸੋ ਭਲੇ ਜੋ ਜੰਮਦਿਆਂ ਹੀ ਮਰ ਗਏ ਆਖ ਇਨਸਾਨੀ ਜੀਵਨ ਦੀ ਤੁੱਛਤਾ ਦਰਸਾਈ ਸੀ ਅਤੇ ਸ਼ਾਹ ਹੁਸੈਨ ਨੇ ਜੀਵਨ ਸੰਗਰਾਮ ਤੋਂ ਹੀ ਨੱਠਣ ਦੀ ਗੱਲ 'ਚੁੱਪ ਵੇ

ਅੜਿਆ। ਚੁੱਪ ਵੇ ਅੜਿਆ ਬੋਲਣ ਦੀ ਨਹੀਂ ਜਾਇ ਵੇ ਅੜਿਆ, ਬੋਲ ਕੇ ਕੀਤੀ ਸੀ। ਗੁਰੂ ਅਰਜਨ ਜੀ ਨੇ ਆਂਪਣਾ ਮਤ ਦ੍ਰਿੜ੍ਹਾਦੇ ਕਾਹਨਾ ਨੂੰ ਕਿਹਾ ਸੀ ਕਿ ਸਾਡੇ ਘਰ ਮੂਲ ਨਿੰਮ੍ਰਤਾ ਹੈ। ਹਿਰਦੇ ਬ੍ਰਹਮ ਤੇ ਮੁਖੋਂ ਦਾਸਾਂ। ਛਜੂ ਨੂੰ ਕਿਹਾ ਸੀ : ਇਹ ਗ੍ਰਹਿਸਤ ਵਿਚ ਪੰਥ ਚਲਾਯਾ ਹੈ। ਆਪਣੀ ਪਰਾਈ ਇਸਤਰੀ ਦੀ ਵਿਚਾਰ ਚਾਹੀਦੀ ਹੈ। ਪੀਲੂ ਨੂੰ ਆਖਿਆ ਸੀ : ਜੰਮਣ ਮਰਨ ਪ੍ਰਵਾਨ ਹੈ। ਹੁਕਮ ਵਿਚ ਸੁੱਖ ਦੁੱਖ ਹੈ ਪੀਲੂ। ਸ਼ਾਹ ਹੁਸੈਨ ਨੂੰ ਕਿਹਾ ਸੀ : ਚੁੱਪ ਦੇ ਮੁਕਾਮ ਕਿਸ ਤਰ੍ਹਾਂ ਰਹਿ ਸਕਦਾ ਹੈ ਕੋਈ। ਸਾਨੂੰ ਤਾਂ ਹੁਕਮ ਹੈ :

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ।

**ਚੌਥੀ ਸੰਭਾਲ** : ਇਹ ਰੱਖੀ ਕਿ ਬੋਲੀ ਬੜੀ ਸੁਗਮ ਰੱਖੀ। ਨਿੱਤ ਵਰਤੇ ਜਾ ਰਹੇ ਲੋਕ ਬੋਲਾਂ ਤੇ ਗੀਤ ਤੇ ਉਚਾਰੀ। ਸੰਸਾਰ ਨੂੰ ਵਿਲਾਸੀ ਤੇ ਨਿਰਾਸੀ ਜੀਵਨ ਤੋਂ ਹਟਾ ਸਿੱਧਾ ਰਾਹ ਪਾਉਣ ਹਿਤ ਘੋੜੀਆਂ, ਅਲਾਹੁਣੀਆਂ, ਕਰਹਲੇ, ਵਣਜਾਰਾ, ਥਿਤੀ, ਵਾਰ, ਬਾਰਹ ਮਾਹ, ਸੁਚੱਜੀ, ਗੁਣਵੰਤੀ, ਕੁਚੱਜੀ, ਲਾਵਾਂ, ਚਉਬੋਲੇ, ਫੁਨਹੇ, ਗਾਥਾ ਜਿਹੇ ਲੋਕ ਗੀਤਾਂ ਦੀਆਂ ਧੁਨੀਆਂ ਤੇ ਬਾਣੀ ਰਚ ਕੇ ਨਿੱਤ ਦੇ ਜੀਵਨ ਦਾ ਅੰਗ ਬਣਾ ਦਿੱਤਾ।

**ਪੰਜਵੀ ਸੰਭਾਲ** : ਸ਼ਬਦਾਂ ਦੀ ਗਿਣਤੀ ਦੇ ਅੰਕੜੇ ਪਾਏ ਤਾਂ ਕਿ ਕੋਈ ਕਿਸੇ ਥਾਂ ਕਦੇ ਰਲਾ ਨਾ ਪਾ ਸਕੇ। ਇਨ੍ਹਾਂ ਅੰਕਾਂ ਨੂੰ ਹੀ ਵਾਚਿਆਂ ਪਤਾ ਲਗਦਾ ਹੈ ਕਿ ਕਿਤਨੀ ਮਿਹਨਤ ਤੇ ਘਾਲ ਇਸ ਬੀੜ ਨੂੰ ਬੰਨ੍ਹਣ ਵਿਚ ਲੱਗੀ ਹੋਵੇਗੀ।

**ਛੇਵੀਂ ਸੰਭਾਲ** : ਭਗਤ ਬਾਣੀ ਵੀ ਛਾਣਬੀਣ ਕਰਕੇ ਹੀ ਦਰਜ ਕੀਤੀ। ਜਿਵੇਂ ਭਾਵੇਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਇਆ ਚਾਰ ਸੌ ਸਾਲ ਹੋ ਗਏ ਹਨ ਪਰ ਫਿਰ ਵੀ ਕਈ ਦੋਹੇ ਗੁਰੂ ਨਾਨਕ ਦੇਵ ਜੀ ਦੇ ਨਾਂ ਤੇ ਪ੍ਰਚੱਲਤ ਹਨ। ਤਿਵੇਂ ਵੱਖ-ਵੱਖ ਭਗਤਾਂ ਦੇ ਨਾਂ ਹੇਠਾਂ ਕਿਤਨੇ ਹੀ ਪਦੇ ਲੋਕਾਂ ਦੀ ਜ਼ਬਾਨ ਤੇ ਚੜ੍ਹ ਗਏ ਸਨ ਪਰ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋ ਗਿਆ ਉਹ ਰਲੇ ਤੋਂ ਬਚ ਗਿਆ। ਇਹ ਕਹਿਣਾ ਨਿਰਮੂਲ ਹੈ ਕਿ ਗੁਰੂ ਅਰਜਨ ਸਾਹਿਬ ਨੇ ਭਗਤਾਂ ਦੇ ਨਾਂ ਹੇਠਾਂ ਆਪ ਹੀ ਬਾਣੀ ਰਚ ਕੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਦਿੱਤੀ। ਗਉੜੀ ਰਾਗ ਦਾ ਇਕ ਸਿਰਲੇਖ ਹੀ ਦੱਸਦਾ ਹੈ ਕਿ ਜਿਥੇ ਭਗਤ ਬਾਣੀ ਨਾਲ ਉਨ੍ਹਾਂ ਆਪਣਾ ਵਿਚਾਰ ਦਿੱਤਾ ਉਥੇ ਸਾਫ਼ ਲਿਖਿਆ "ਨਾਲ ਰਲਾਇ ਲਿਖਿਆ ਮਹਲਾ ਪੰਜਵਾਂ।' ਇਹ ਨਿਰੋਲ ਇਸ ਲਈ ਕੀਤਾ ਕਿ ਐਸੀਆਂ ਗੱਲਾਂ ਲਿਖਣ ਦੀ ਲੋੜ ਨਾ ਭਾਸੇ ਕਿ ਭਗਤਾਂ ਦੇ ਨਾਂ ਹੇਠ ਗੁਰੂ ਜੀ ਨੇ ਬਾਣੀ ਲਿਖੀ। ਜਿੱਥੇ ਕਿੱਥੇ ਰਹੱਸਮਈ ਬਾਤ ਭਗਤਾਂ ਪਾਈ ਉਸ ਨੂੰ ਖੋਲ੍ਹਣ ਲਈ ਗੁਰੂ ਜੀ ਨੇ ਆਪਣੀ ਬਾਣੀ ਨਾਲ ਦਰਜ ਕਰ ਦਿੱਤੀ।

**ਬੀੜ ਦਾ ਲਿਖਣਾ ਤੇ ਉਤਾਰੇ** : ਇਸ ਮਹਾਨ ਕਾਰਜ ਦੀ ਉਸਾਰੀ ਲਈ ਗੁਰੂ ਜੀ ਨੇ ਉਚੇਚੀ ਇਕਾਂਤ ਵਾਲੀ ਥਾਂ ਚੁਣੀ। ਜੰਡ, ਬੋਹੜ, ਅੰਜੀਰ ਤੇ ਪਿੱਪਲ ਦੇ ਬ੍ਰਿਛਾਂ ਦੀ ਘਣੀ ਛਾਂ ਦੇਖ ਰਾਮਸਰ ਸਰੋਵਰ ਬਣਾਇਆ ਤਾਂ ਕਿ ਠੰਢੀ ਹਵਾ ਰੁਮਕਦੀ ਰਵ੍ਹੇ। ਉਚੇਚਾ ਕਸ਼ਮੀਰ ਤੋਂ ਕਾਗਜ਼ ਮੰਗਵਾਇਆ ਤੇ ਸਿਆਹੀ ਵੀ ਖ਼ਾਸ ਤਿਆਰ ਕੀਤੀ।

ਭਾਈ ਗੁਰਦਾਸ ਜੀ ਜੋ ਰੋਜ਼ ਲਿਖਦੇ ਗੁਰੂ ਅਰਜਨ ਦੇਵ ਜੀ ਦੇਖਦੇ ਜਾਂਦੇ। ਕਈ ਥਾਵਾਂ ਤੇ ਭਾਈ ਜੀ 'ਸ਼ੁੱਧ' ਸ਼ਬਦ ਵੀ ਪਾ ਦਿੰਦੇ। ਜੋ ਨਿਰੋਲ ਗੁਰੂ ਅਰਜਨ ਦੇਵ ਜੀ ਦੀ ਬਾਣੀ ਹੁੰਦੀ ਉਥੇ 'ਸੁਧ ਕੀਚੈ' ਤਾ ਸੰਕੇਤ ਦੇ ਦੇਂਦੇ ਤਾਂ ਕਿ ਮੁੜ ਗੁਰੂ ਜੀ ਦੇ ਨਜ਼ਰ ਵਿਚੋਂ ਲੰਘ ਜਾਏ।

ਗੁਰੂ ਗ੍ਰੰਥ ਦੀ ਸੰਪੂਰਨਤਾ ਏਕਮਵਦੀ ੧੬੬੧ (ਦੋ ਅਗਸਤ, ੧੬੦੪) ਨੂੰ ਹੋਈ ਤੇ

ਭਾਦੋਂ ਸੁਦੀ ਏਕਮ (੧੬ ਅਗਸਤ, ੧੬੦੪) ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸ੍ਰੀ ਦਰਬਾਰ ਸਾਹਿਬ ਕੀਤਾ ਗਿਆ । ਗੁਰੂ ਬਿਲਾਸ ਪਾਤਸ਼ਾਹੀ ਛੇਵੀਂ ਅਨੁਸਾਰ ਜਿਲਦ ਬੰਨ੍ਹੇ ਜਾਣ ਦੇ ਪਹਿਲਾਂ 'ਭਾਈ ਬੰਨੋ ਜੀ ਕਰਿਓ, ਸ੍ਰੀ ਗੁਰੂ ਗ੍ਰੰਥ ਉਤਾਰਾ। ''

ਬੰਸਾਵਲੀ ਨਾਮਾ ਵਿਚ ਵੀ ਲਿਖਿਆ ਹੈ ਕਿ ਭਾਈ ਸੁੱਖਾ, ਭਾਈ ਮਨਸਾ ਰਾਮ, ਭਾਈ ਹਰੀਆ ਤੇ ਸੰਤ ਰਾਮ ਵੀ ਉਤਾਰਾ ਕਰ ਰਹੇ ਹਨ ਕਿ ਬੀੜ ਪ੍ਰਕਾਸ਼ ਹੋਣ ਤੋਂ ਪਹਿਲਾਂ ਹੋਰ ਬੀੜਾਂ ਵੀ ਤਿਆਰ ਹੋ ਜਾਣ। ਇਹ ਸਭ ਗੁਰੂ ਅਰਜਨ ਦੇਵ ਜੀ ਦੇ ਹੁਕਮ ਨਾਲ ਹੀ ਹੋ ਰਹਿਆ ਸੀ। ਤਾਂ ਹੀ ਤਾਂ ਗੁਰੂ ਜੀ ਨੇ ਫ਼ਰਮਾਇਆ ਸੀ ਕਿ ਬਾਣੀ ਦੇ ਤਰਜਮੇ ਦੁਨੀਆਂ ਦੀ ਹਰ ਬੋਲੀ ਵਿਚ ਹੋਣਗੇ। ਬੁਧੀਵਾਨ ਇਸ ਦਾ ਭਾਵ ਗ੍ਰਹਿਣ ਕਰਕੇ ਦੂਰ ਦੂਰ ਤੱਕ ਪਹੁੰਚਾਉਣਗੇ ਤੇ ਇਸ ਤਰ੍ਹਾਂ ਦੁਨੀਆਂ ਵਿਚ ਇਹ ਬਾਣੀ ਫੈਲੇਗੀ ਜਿਵੇਂ ਤੇਲ ਦੀ ਬੂੰਦ ਪਾਣੀ ਤੇ ਆਪ ਮੁਹਾਰੇ ਹੀ ਖਿਲਰ ਜਾਂਦੀ ਹੈ।

ਸੰਸਕ੍ਰਿਤ ਅਰ ਤੁਰਕਨ ਭਾਸ਼ਾ।
ਇਸ ਮੇਂ ਲਿਖ ਲੇਵਹਿ ਬੁਧਿਰਾਸਾ।
ਸਭ ਊਪਰ ਪਸਰੈ ਇਹ ਧਾਈ।
ਜਿਮ ਜਲ ਪਰ ਸੁ ਚਿਕਨਤਾ ਪਾਈ।

ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤ ਸਮਾਉਣ ਵੇਲੇ ਭਾਈ ਨੰਦ ਲਾਲ ਜੀ ਦੇ ਲਿਖੇ ਅਨੁਸਾਰ ਇਹ ਹੁਕਮ ਖ਼ਾਸ ਕੀਤਾ ਕਿ 'ਮੇਰਾ ਰੂਪ ਗੁਰੂ ਗ੍ਰੰਥ ਜੀ ਜਾਨ। ਇਸ ਮੇ ਭੇਦ ਨਹੀਂ ਕਛੁ ਮਾਨ।

ਭੱਟ ਨਰਬਦ ਸਿੰਘ ਜੋ ਭਾਈ ਕੇਸੋ ਸਿੰਘ ਦਾ ਪੁੱਤਰ ਸੀ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਮਿਲਣ ਸਮੇਂ ਨੰਦੇੜ ਸਾਹਿਬ ਦੱਖਣ ਹਾਜ਼ਰ ਸੀ ਨੇ ਵਹੀ ਵਿਚ ਲਿਖਿਆ ਹੈ

'' ਗੁਰੂ ਗੋਬਿੰਦ ਸਿੰਘ ਮਹਿਲ ਦਸਮੇ ਕਾ
ਸੰਮਤ ਸਤਾਰਾਂ ਸੋ ਪੈਹੰਠ
ਕਾਰਤਕ ਮਾਹ ਕੀ ਚਉਥ ਸੁਕਲ
ਬੁਧਵਾਰ ਕੇ ਦਿਨ ਦੈਆ ਸਿੰਘ ਕੋ
ਬਚਨ ਹੋਇਆ : ਗੁਰੂ ਗ੍ਰੰਥ ਸਾਹਿਬ ਲੇ ਆਓ।
ਬਚਨ ਪਾਇ, ਦੈਆ ਸਿੰਘ ਗੁਰੂ ਗ੍ਰੰਥ ਸਾਹਿਬ
ਲੈ ਆਏ। ਗੁਰੂ ਜੀ ਨੇ ਪਾਂਚ ਪੈਸੇ ਨਲਈਏਰ
ਭੇਟ ਰਖ ਕੇ ਮਥਾ ਟੇਕਿਆ।
ਸਰਬਤ ਸੰਗਤ ਕੋ ਕਹਾ ਕਿ ਮੇਰਾ ਹੁਕਮ
ਹੈ ਮੇਰੀ ਜਗਹ ਗ੍ਰੰਥ ਸਾਹਿਬ ਕੋ ਜਾਣਨਾ।
ਜੋ ਸਿੱਖ ਜਾਣੇਗਾ ਤਿਸ ਕੀ ਘਾਲਿ ਥਾਇ ਪਵੇਗੀ। ''

ਬੰਸਾਵਲੀਨਾਮਾ ਦੇ ਲਿਖੇ ਅਨੁਸਾਰ :

ਤਬ ਸਾਹਿਬ ਬਚਨ ਕੀਤਾ ਗੁਰਿਆਈ ਕਾ ਤੇ ਪਹੁਤਾ ਅੰਤ।
ਦਸ ਜਾਮੇ ਕਹੇ ਥੇ ਗੁਰੂ ਨਾਨਕ ਭਗਵੰਤ।

ਜਦ ਸੰਗਤ ਨੇ ਪੁੱਛਿਆ ਕਿ ਹੁਣ ਕਿਸ ਦੇ ਲੜ ਲਗਾ ਚਲੇ ਹੋ ਤਾਂ ਬਚਨ ਕੀਤਾ :

ਗ੍ਰੰਥ ਹੈ ਗੁਰੂ ਲੜ ਪਕੜੋ ਅਕਾਲ।

ਫਿਰ ਚਿਤਾਵਨੀ ਦਿੰਦੇ ਲੇਖਕ ਨੇ ਲਿਖਿਆ ਹੈ :

**ਦਸਵਾਂ ਪਾਤਸ਼ਾਹ ਗੱਦੀ ਗੁਰਿਆਈ ਦੀ ਗ੍ਰੰਥ ਸਾਹਿਬ ਨੂੰ ਦੇ ਹੈ ਗਿਆ ।**
**ਅਜ ਪਰਤਖ ਗੁਰੂ ਸਾਡਾ ਗ੍ਰੰਥ ਸਾਹਿਬ ਹੈ ।ਸੋਈ ਗਿਆ ਜੋ ਗ੍ਰੰਥ ਗਿਆ**
**(ਚਰਨ ਦਸਵਾਂ)**

ਸੋਹਣ ਨਾਲ ਸੂਰੀ ਨੇ ਉਮਦਾਤ ਤਵਾਰੀਖ ਵਿਚ ਲਿਖਿਆ ਹੈ ਕਿ ਸਿੱਖਾਂ ਬੇਨਤੀ ਕੀਤੀ ਕਿ ਹਜ਼ੂਰ ਨੇ ਹੁਣ ਕਿਸ ਨੂੰ (ਕਦਾਮ ਕਸਾ ਰਾ) ਗੁਰੂ ਨਿਯਤ ਕੀਤਾ ਤਾਂ ਮਹਾਰਾਜ ਨੇ ਫ਼ਰਮਾਇਆ :-

**ਗੁਰੂ ਗ੍ਰੰਥ ਜੀ ਹਨ ।**
**ਗੁਰੂ ਗ੍ਰੰਥ ਤੇ ਵਾਹਿਗੁਰੂ ਵਿਚਕਾਰ ਕੋਈ ਫਰਕ ਨਹੀਂ ।**
**ਗੁਰੂ ਗ੍ਰੰਥ ਜੀ ਦੇ ਦਰਸ਼ਨ ਤੋਂ ਗੁਰੂ ਸਾਹਿਬ ਦੇ ਖ਼ੁਸ਼ੀਆਂ**
**ਭਰਪੂਰ ਦਰਸ਼ਨ ਹੋਣਗੇ ।**
**'ਦਰਮਿਆਨ ਗ੍ਰੰਥ ਵਾਹਿਗੁਰੂ ਹੀਜ਼ ਫਰਕੇ ਨੇਸਤ ।**
**ਅਜ਼ ਦੀਦਾਰਿ ਗ੍ਰੰਥ ਜੀ ਮੁਸ਼ਾਹਿਦ ਦਾਇ ਦੀਦਾਰ**
**ਫਰਹਤ ਆਸਾਰਿ ਗੁਰੂ ਸਾਹਿਬ ਬਾਇਦ ਨਮੂਦ ।**
**ਸੋ ਗੁਰੂ ਗ੍ਰੰਥ ਸਾਹਿਬ ਹੁਣ ਸਿੱਖਾਂ ਦਾ ਇਸ਼ਟ ਹੈ ।**

ਜੋ ਰੂਪ ਗੁਰੂ ਗ੍ਰੰਥ ਸਾਹਿਬ ਦਾ ਪ੍ਰਚੱਲਤ ਹੈ ਉਸ ਦੇ ਛਾਪੇ ਦੇ ਪੰਨੇ ੧੪੩੦ ਹਨ ਅਤੇ ੩੬ ਮਹਾਂਪੁਰਸ਼ਾਂ ਦੀ ਬਾਣੀ ਇਸ ਵਿਚ ਦਰਜ ਹੈ।

**ਵੇਰਵਾ ਬਾਣੀ** - ਸ਼ਬਦਾਂ, ਸ਼ਲੋਕਾਂ, ਛੰਦਾਂ, ਪਉੜੀਆਂ ਦਾ ਵੇਰਵਾ ਵਿਅਕਤੀ ਅਨੁਸਾਰ ਇਸ ਪ੍ਰਕਾਰ ਹੈ :

| | ਸ਼ਬਦ |
|---|---|
| ਗੁਰੂ ਨਾਨਕ ਦੇਵ ਜੀ (ਮਹਲਾ ਪਹਿਲਾ) = ਸਲੋਕਾਂ ਸਮੇਤ | ੯੭੬ |
| ਗੁਰੂ ਅੰਗਦ ਦੇਵ ਜੀ (ਮਹਲਾ ਦੂਜਾ) = | ੬੧(ਨਿਰੇ ਸਲੋਕ) |
| ਗੁਰੂ ਅਮਰ ਦਾਸ ਜੀ (ਮਹਲਾ ਤੀਜਾ) = | ੯੦੧ |
| ਗੁਰੂ ਰਾਮ ਦਾਸ ਜੀ (ਮਹਲਾ ਚੌਥਾ) = | ੬੭੯ |
| ਗੁਰੂ ਅਰਜਨ ਦੇਵ ਜੀ (ਮਹਲਾ ਪੰਜਵਾਂ) | ੨੨੧੬ |
| ਗੁਰੂ ਤੇਗ ਬਹਾਦਰ ਜੀ | ੧੧੬ |
| | (ਜਿਸ ਵਿਚ ੫੭ ਸਲੋਕ ਸ਼ਾਮਲ ਹਨ) |

**ਭਗਤ ਬਾਣੀ , ਭੱਟਾਂ ਅਤੇ ਸਿੱਖ ਦੀ ਬਾਣੀ ਵੇਰਵਾ :**

| | |
|---|---|
| ਭਗਤ ਕਬੀਰ ਜੀ | ੫੪੦ |
| ਭਗਤ ਤਿਰਲੋਚਨ ਜੀ | ੪ |
| ਭਗਤ ਬੇਣੀ ਜੀ | ੩ |
| ਭਗਤ ਰਵਿਦਾਸ ਜੀ | ੪੧ |
| ਭਗਤ ਨਾਮਦੇਵ ਜੀ | ੬੦ |

| | |
|---|---|
| ਭਗਤ ਧੰਨਾ ਜੀ | ੪ |
| ਬਾਬਾ ਫ਼ਰੀਦ ਜੀ | ੧੨੨ (੪ ਸ਼ਬਦ ਤੇ ਬਾਕੀ ਸਲੋਕ) |
| ਭਗਤ ਜੈ ਦੇਵ ਜੀ | ੨ |
| ਭਗਤ ਭੀਖਨ ਜੀ | ੨ |
| ਭਗਤ ਸੈਣ ਜੀ | ੧ |
| ਭਗਤ ਪੀਪਾ ਜੀ | ੧ |
| ਭਗਤ ਸਧਨਾ ਜੀ | ੧ |
| ਭਗਤ ਰਾਮਾ ਨੰਦ ਜੀ | ੧ |
| ਭਗਤ ਪ੍ਰਮਾਨੰਦ ਜੀ | ੧ |
| ਭਗਤ ਸੂਰਦਾਸ ਜੀ | ੧ |
| ਬਾਬਾ ਸੁੰਦਰ ਜੀ | ੬ |
| ਸੱਤੇ ਤੇ ਬਲਵੰਡ ਜੀ | ੮ (ਕੇਵਲ ਪਉੜੀਆਂ) |
| ਭਾਈ ਮਰਦਾਨਾ ਜੀ | ੩ |
| ਭੱਟ ਕਲਸਹਾਰ | ੫੪ |
| ਭੱਟ ਜਾਲਪ | ੫ |
| ਭੱਟ ਕੀਰਤ | ੮ |
| ਭੱਟ ਭਿੱਖਾ | ੨ |
| ਭੱਟ ਸਲ | ੩ |
| ਭੱਟ ਨਲ | ੧੬ |
| ਭੱਟ ਭਲ | ੧ |
| ਭੱਟ ਗਯੰਦ | ੧੩ |
| ਭੱਟ ਮਥੁਰਾ | ੧੪ |
| ਭੱਟ ਬਲ੍ਯ | ੫ |
| ਭੱਟ ਹਰਬੰਸ | ੨ |

ਤਰਤੀਬ :

ਗੁਰੂ ਗ੍ਰੰਥ ਸਾਹਿਬ ਦੀ ਤਰਤੀਬ ਇਸ ਪ੍ਰਕਾਰ ਰੱਖੀ। ਸਭ ਤੋਂ ਪਹਿਲਾ ਗੁਰੂ ਅਰਜਨੰ ਦੇਵ ਜੀ ਨੇ ਆਪਣੀ ਹੱਥੀਂ ਮੂਲ ਮੰਤ੍ਰ ੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ) ਲਿਖਿਆ ਫਿਰ 'ਜਪੁ' ਦੀ ਬਾਣੀ ਭਾਈ ਗੁਰਦਾਸ ਜੀ ਨੇ ਲਿਖੀ। ਜਪੁ ਦੇ ਬਾਅਦ ਸੋਦਰ ਸਿਰਲੇਖ ਹੇਠ 'ਪੰਜ ਸ਼ਬਦ' ਗੁਰੂ ਗ੍ਰੰਥ ਸਾਹਿਬ ਵਿਚੋਂ ਹੀ ਰਤਾ ਕੁ ਅੰਤਰ ਨਾਲ ਲਿਖੇ। ਉਸ ਉਪਰੰਤ 'ਸੋ ਪੁਰਖ' ਦੇ ਸਿਰਲੇਖ ਹੇਠਾਂ ਚਾਰ ਸ਼ਬਦ। ਫਿਰ 'ਸੋਹਿਲਾ' ਦੇ ਹੈਡਿੰਗ ਹੇਠ ਪੰਜ ਸ਼ਬਦ। ਉਸ ਉਪ੍ਰੰਤ ਇਕੱਤੀ ਰਾਗਾਂ ਵਿੱਚ ਬਾਣੀ ਵੰਡ ਕੇ ਦਰਜ ਕੀਤੀ।

ਪਹਿਲਾਂ ਸਿਰੀ ਰਾਗ ਰੱਖਿਆ। ਇਹ ਵੀ ਪ੍ਰੰਪਰਾ ਨਾਲੋ ਹਟ ਕੇ ਸੀ। ਅਖ਼ੀਰ ਤੇ ਪ੍ਰਭਾਤੀ ਤੇ ਸਭ ਤੇ ਪਿੱਛੋਂ ਜੈਜਾਵੰਤੀ ਜਿਸ ਵਿਚ ਨਿਰੋਲ ਗੁਰੂ ਤੇਗ ਬਹਾਦਰ ਜੀ ਦੇ ਸ਼ਬਦ ਹਨ, ਰੱਖਿਆ।

ਸਿਰੀ ਰਾਗ ਪਹਿਲਾ ਰੱਖਣ ਦਾ ਵੀ ਇਹੀ ਕ਼ਾਰਨ ਸੀ ਕਿ ਆਤਮਿਕ ਪੈਂਡੇ ਪਏ ਜੀਵ ਦਾ ਰਹਿ ਸੁਖਾਲਾ ਹੋ ਜਾਵੇ। 'ਸਿਰੀ' ਸ਼ਾਮ ਦਾ ਰਾਗ ਹੈ ਅਤੇ ਅਗੋਂ ਘੁੱਪ ਹਨੇਰਾ ਲੰਮੀ ਰਾਤ ਹੈ। ਜਦ ਆਤਮ 'ਧਾਤ' ਨੂੰ ਲਿਤਾੜ ਪੂਰੀ ਤਰ੍ਹਾਂ ਲਿਵ ਲਗਾਉਣ ਜੋਗ ਹੋ ਜਾਂਦੀ ਹੈ ਤਾਂ ' ਪ੍ਰਭਾਤ' ਚੜ੍ਹ ਜਾਂਦੀ ਹੈ ਅਤੇ ਸਫ਼ਲਤਾ ਦਾ ਸਿਹਰਾ ਗਲ ਪੈਂਦਾ ਹੈ ਤੇ ਵੱਜਦੀ ਧੁਨੀ (ਜੈਜਾਵੰਤੀ) ਸਵਾਗਤ ਕਰਦੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਰਾਗ ਇਸ ਤਰਤੀਬ ਵਿੱਚ ਰੱਖੇ ਗਏ ਹਨ :

ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵ ਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ , ਸੂਹੀ, ਬਿਲਾਵਲੁ, ਗੋਂਡ, ਰਾਮਕਲੀ, ਨਟ ਨਾਰਾਇਨ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤੁ, ਸਾਰੰਗ, ਮਲਾਰ, ਕਾਨੜਾ, ਕਲਿਆਨ, ਪ੍ਰਭਾਤੀ ਅਤੇ ਜੈਜਾਵੰਤੀ।

ਰਾਗਾਂ ਪਿਛੋਂ ਸਲੋਕ ਸਹਸਕ੍ਰਿਤੀ ਲਿਖੇ। ਫਿਰ ਗਾਥਾ, ਫੁਨਹੇ ਅਤੇ ਚਉਬੋਲੇ ਦਰਜ ਕੀਤੇ। ਉਸ ਪਿਛੋਂ ਸਲੋਕ ਕਬੀਰ ਜੀ ਅਤੇ ਸ਼ੇਖ ਫ਼ਰੀਦ ਜੀ ਦੇ ਲਿਖੇ। ਫਿਰ ਪਹਿਲਾਂ ਸਵੱਈਏ ਸ੍ਰੀ ਮੁਖਵਾਕ ਮਹਲਾ ੫ ਭਾਵ ਗੁਰੂ ਅਰਜਨ ਦੇਵ ਜੀ ਦੇ ਅਤੇ ਪਿਛੋਂ ਭੱਟਾਂ ਦੇ ਮਹਲੇ ਪਹਿਲੇ, ਦੂਜੇ , ਤੀਜੇ, ਚੌਥੇ ਅਤੇ ਪੰਜਵੇਂ ਦੀ ਉਪਮਾ ਵਿਚ ਉਚਾਰੇ ਅੰਕਿਤ ਕੀਤੇ। ਇਸ ਪਿਛੋਂ ਸਲੋਕ ਵਾਰਾਂ ਤੇ ਵਧੀਕ ਦੇ ਸਿਰਲੇਖ ਹੇਠਾਂ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੇ ਸਲੋਕ ਦਰਜ ਕੀਤੇ।

ਅਖ਼ੀਰ ਤੇ ਮੁੰਦਾਵਣੀ ਮਹਲਾ - ੫ ਪਾ ਕੇ ਭੋਗ ਪਾਇਆ ਅਤੇ ਸਲੋਕ ਉਚਾਰ ਕੇ ਸ਼ੁਕਰ ਦੀ ਭਾਵਨਾ ਦਰਸਾਈ। ਅੰਤ ਵਿਚ ਰਾਗ ਮਾਲਾ ਦਰਜ ਕੀਤੀ।

ਹਰ ਰਾਗ ਦੀ ਤਰਤੀਬ ਇਸ ਤਰ੍ਹਾਂ ਰੱਖੀ। ਪਹਿਲਾ ਸ਼ਬਦ ਮਹਲੇਵਾਰ, ਫਿਰ ਅਸ਼ਟਪਦੀਆਂ, ਫਿਰ ਛੰਦਾਂ, ਛੰਦਾ ਉਪਰੰਤ ਉਚੇਚੇ ਸਿਗਲੇਖ ਵਾਲੀਆਂ ਬਾਣੀਆਂ (ਪੱਟੀ, ਬਾਰਹ, ਮਾਹ, ਅਨੰਦ,ਸੁਖਮਨੀ ਆਦਿ ) ਫਿਰ ਵਾਰਾਂ ਇਨ੍ਹਾਂ ਪਿਛੋਂ ਭਗਤਾਂ ਦੀ ਬਾਣੀ।

ਗੁਰੂ ਗ੍ਰੰਥ ਸਾਹਿਬ ਦਾ ਮਜ਼ਮੂਨ 'ਗੁਣ ਗੋਬਿੰਦ' ਤੇ 'ਨਾਮ ਧੁਨਿ' ਹੈ। ਜਗਤ ਦੇ ਮਾਲਕ ਦੇ ਗੁਣ ਗਾਉਦਿਆਂ ਆਤਮਿਕ ਉੱਚਤਾ ਪ੍ਰਾਪਤ ਹੁੰਦੀ ਹੈ ਅਤੇ ਫਿਰ ਜੋ ਜੀਵਨ ਵਿਹਾਰ ਬਣਦਾ ਹੈ ਉਸ ਦਾ ਜ਼ਿਕਰ ਹੈ। ਦੂਜੇ ਜਿਨ੍ਹਾਂ 'ਗੁਰੂ ਗੋਬਿੰਦ ਗਾਇਓ ਨਹੀ' ਉਨ੍ਹਾਂ ਦੀ ਦੁਰਦਸ਼ਾ ਹੈ।

'ਨਾਮਧੁਨਿ' ਜਿਨ੍ਹਾ ਹਿਰਦਿਆਂ ਵਿਚ ਉਪਜ ਪਈ ਉਨ੍ਹਾਂ ਦੇ ਮਨ ਦਾ ਸੰਜਮ ਐਸਾ ਕਾਇਮ ਹੁੰਦਾ ਹੈ ਕਿ ਉਹ ਆਪਣਾ ਸਾਰਾ ਜੀਵਨ ਹੈ ਮਾਨਵ ਭਗਤੀ ਤੇ ਸਮਾਜ ਭਲਾਈ ਲਈ ਸਰਫ ਕਰ ਦੇਂਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਇਤਨਾ ਜੋਰ ਮੁਕਤੀ ਤੇ ਨਹੀਂ ਜਿਤਨਾ ਮੁਕਤੀ ਤੇ ਹੈ। ਮਨ ਦੇ ਸਹਿਜ ਨੂੰ ਕਾਇਮ ਰੱਖਣ ਲਈ ਹੈ। ਸੱਚ ਦਾ ਸਹੀ ਸਰੂਪ ਗੁਰੂ ਗ੍ਰੰਥ ਸਾਹਿਬ ਵਿਚ ਚਿੱਤਰਿਆ ਹੈ।

**ਮਹਿਮਾ** : ਗੋਸਪਲ ਐਫ ਗੁਰੂ ਗ੍ਰੰਥ ਸਾਹਿਬ ਵਿਚ ਗ੍ਰੀਨ ਲੀਜ਼ ਨੇ ਗੁਰੂ ਗ੍ਰੰਥ ਸਾਹਿਬ ਦੀ ਮਹਿਮਾ ਵਿਚ ਲਿਖਿਆ ਹੈ।

ਪਵਿੱਤਰਤਾ ਅਤੇ ਰੂਹਾਨੀ ਉਸ ਦੇ ਨੁਕਤੇ ਤੋਂ ਗੁਰੂ ਗ੍ਰੰਥ ਸਾਹਿਬ ਦਾ ਦੁਨੀਆਂ ਦੇ ਧਰਮਾਂ

ਵਿਚ ਉੱਚਾ ਮੁਕਾਮ ਹੈ। ਇਹ ਕਿਸੇ ਦਾ ਭੇਸ ਵਟਾਵਾ ਰੂਪ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਦਾ ਰੁਤਬਾ ਚੋਟੀ ਦਾ ਹੈ। ਇਹ ਗੱਲ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਬਾਣੀ ਧੁਰ ਅੰਦਰੋਂ ਅਨੁਭਵ ਤੋਂ ਪ੍ਰਕਾਸ਼ੀ ਹੈ ਅਤੇ ਇਸ ਦਾ ਪੜ੍ਹੇ ਸੁਣੇ ਨਾਲ ਕੋਈ ਸੰਬੰਧ ਨਹੀਂ।

"ਦੁਨੀਆਂ ਦੀਆਂ ਧਰਮ ਪੁਸਤਕਾਂ ਵਿਚੋਂ ਸ਼ਾਇਦ ਹੀ ਕਿਸੇ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤੁਲ ਸਾਹਿਤਕ ਖ਼ੂਬਸੂਰਤੀ ਅਤੇ ਲਗਾਤਾਰ ਅਨੁਭਵੀ ਗਿਆਨ ਦੇ ਤੁਲ ਉਚਿਤਾ ਹੋਵੇ।"

ਮੈਕਾਲਿਫ ਲਿਖਦਾ ਹੈ ਕਿ ਹੋਰ ਧਰਮਾਂ ਦੇ ਗ੍ਰੰਥਾਂ ਨੂੰ ਪੜ੍ਹਨ ਦੀ ਥਾਵੇਂ ਬਾਣੀ ਦੇ ਕਰਤਿਆਂ ਨੇ ਆਪਣੇ ਕਰਤਾ ਪੁਰਖ, ਆਤਮਾ ਅਤੇ ਕਾਦਰ ਦੀ ਕੁਦਰਤ ਦੇ ਧਿਆਨ ਵਿਚ ਮਗਨ ਹੋ ਕੇ ਉਹ ਸਦੜੇ ਸੁਣੇ ਜੋ ਕਦੇ ਨਹੀਂ ਸਨ ਸੁਣੇ ਗਏ।

ਹੁਨਾਲੇ ਦੀ ਗਰਮੀ, ਸਿਆਲੇ ਦੇ ਕੱਕਰ, ਆਕਾਸ਼ ਦੀ ਜਲਾਲੀ ਸੁੰਦਰਤਾ, ਪਿੰਡਾਂ ਦੇ ਵਸਨੀਕਾਂ ਦੇ ਦੁੱਖਾਂ ਸੁੱਖਾਂ ਵਿਚ ਗੁਰੂ ਜੀ ਨੂੰ ਕਰਤਾ ਪੁਰਖ ਦੇ ਨਾਮ ਦਾ ਸੁਨੇਹਾ ਪ੍ਰਤੱਖ ਦਿੱਸਦਾ ਸੀ ਅਤੇ ਉਸ ਦਾ ਚਾਉ ਭਰਿਆ ਵਰਨਣ ਗੁਰੂ ਸਾਹਿਬਾਨ ਨੇ ਕੀਤਾ।

ਨਾਮ ਦੀ ਅਰਾਧਨਾ, ਨਾਮ ਦਾ ਜਾਪ, ਨਾਮ ਦਾ ਧਿਆਨ, ਨਾਮ ਦਾ ਉਪਦੇਸ਼ ਉਨ੍ਹਾਂ ਤੇ ਤੋਰੇ ਧਰਮ ਦਾ ਮੁੱਖ ਅੰਗ ਹੈ।

ਹੋਰ ਗੁਰੂ ਗ੍ਰੰਥ ਸਾਹਿਬ ਇਸ ਕਰਕੇ ਵੀ ਵਿਲੱਖਣ ਹੈ ਕਿ ਦੂਜੇ ਲੱਗਭਗ ਸਾਰੇ ਵੱਡੇ ਧਰਮ ਾਂ ਦੇ ਜਿਹੜੇ ਪ੍ਰਚਾਰਕ ਹੋਏ ਉਨ੍ਹਾਂ ਵਿਚੋਂ ਕੋਈ ਇਕ ਵੀ ਆਪਣੀ ਲਿਖੀ ਹੋਈ ਪੰਗਤੀ ਵੀ ਪਿੱਛੇ ਨਹੀਂ ਛੱਡ ਗਿਆ। ਜੋ ਕੁਝ ਪ੍ਰਚਾਰਿਆ ਜਾ ਰਿਹਾ ਹੈ, ਉਸ ਦਾ ਪਤਾ ਸਾਨੂੰ ਜਾਂ ਤਾਂ ਪ੍ਰਚੱਲਤ ਰਵਾਇਤਾਂ ਤੋਂ ਲੱਗਦਾ ਹੈ ਜਾਂ ਹੋਰਨਾਂ ਦੀਆਂ ਲਿਖਤਾਂ ਤੋਂ। ਫੈਸਾਗੋਰਸ ਨੇ ਜੋ ਕੋਈ ਆਪਣਾ ਸਿਧਾਂਤ ਲਿਖਿਆ, ਉਹ ਸਾਡੇ ਤੱਕ ਨਹੀਂ ਪੁੱਜਾ। ਸੁਕਰਾਤ ਦਾ ਪਤਾ ਸਾਨੂੰ ਅਫ਼ਲਾਤੂਨ (ਪਲੈਟੋ) ਅਤੇ ਜ਼ੈਨਫ਼ਰ ਦੀਆਂ ਲਿਖਤਾਂ ਤੋਂ ਹੀ ਲੱਗਦਾ ਹੈ। ਬੁੱਧ ਆਪਣੀ ਸਿੱਖਿਆ ਦੀ ਯਾਦ ਆਪਣੀ ਕਿਸੇ ਵੀ ਲਿਖਤ ਵਿਚ ਨਹੀਂ ਛੱਡ ਗਏ। ਪੱਛਮੀ ਲੋਕ ਜਿਸ ਨੂੰ ਕਨਫ਼ਿਊਸ਼ਸ ਕਹਿੰਦੇ ਹਨ ਆਪਣੇ ਪਿਛੇ ਸਮਾਜਿਕ ਤੇ ਇਖ਼ਲਾਕੀ ਸਿਧਾਂਤਾਂ ਬਾਰੇ ਕੋਈ ਲਿਖਤ ਨਹੀਂ ਛੱਡ ਗਿਆ। ਇਸਾਈ ਮੱਤ ਦੇ ਬਾਨੀ ਨੇ ਵੀ ਆਪਣੇ ਸਿਧਾਂਤ ਨੂੰ ਕਿਸੇ ਲਿਖਤ ਦੇ ਰੂਪ ਪੇਸ਼ ਨਹੀ ਕੀਤਾ। ਉਨ੍ਹਾਂ ਸਬੰਧੀ ਵੀ ਮੈਥੀਓ, ਲੂਕਾ, ਜੋਨ ਤੇ ਹੋਰਨਾਂ ਦੀਆਂ ਲਿਖਤਾਂ ਤੇ ਹੀ ਭਰੋਸਾ ਕਰਨਾ ਪੈਂਦਾ ਹੈ। ਅਰਬ ਦੇ ਪੈਗੰਬਰ, ਹਜ਼ਰਤ ਮਹੁੰਮਦ ਨੇ ਵੀ ਕੁਰਾਨ ਦੇ ਸਪਾਰਿਆ ਨੂੰ ਆਪਣੀ ਕਲਮ ਨਾਲ ਨਹੀਂ ਲਿਖਿਆਂ ਸਗੋਂ ਉਸ ਨੂੰ ਖ਼ਲੀਫਿਆਂ ਜਾਂ ਉਨ੍ਹਾਂ ਦੇ ਨਾਮ ਲੇਵਿਆਂ ਨੇ ਹੀ ਲਿਖਿਆ ਜਾਂ ਇਕੱਠਿਆ ਕੀਤਾ। ਪ੍ਰੰਤੂ ਸਿੱਖ ਗੁਰੂਆਂ ਦੀ ਬਾਣੀ ਉਨ੍ਹਾਂ ਦੇ ਆਪਣੀ ਹੱਥੀ ਲਿਖੀ ਤੇ ਸੰਭਾਲੀ ਹੋਈ ਮਿਲਦੀ ਹੈ ਅਤੇ ਜੋ ਕੁਝ ਸਿਖਿਆ ਉਨ੍ਹਾਂ ਨੇ ਦਿੱਤੀ ਹੈ ਉਸ ਦਾ ਪਤਾ ਉਨ੍ਹਾਂ ਦੀਆਂ ਆਪਣੀਆਂ ਲਿਖਤਾਂ ਤੋਂ ਹੀ ਲੱਗਦਾ ਹੈ।

ਜਗਤ ਪ੍ਰਸਿੱਧ ਫਿਲਾਸਫ਼ਰ ਇਤਿਹਾਸਕਾਰ ਅਰਨਾਲਡ ਟਾਇਨਬੀ ਨੇ ਸੇਕਰਿਡ ਰਾਈਟਿੰਗਜ਼ ਆਫ਼ ਦੀ ਸਿਖਜ਼ ਤੇ ਮੁੱਖ ਬੰਦ ਵਿਚ ਲਿਖਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਸਮੁੱਚੀ ਮਨੁੱਖਤਾ ਦਾ ਸਾਂਝਾ ਆਤਮਿਕ ਭੰਡਾਰ (ਮੈਨਕਾਈਂਡਜ਼ ਕਾਮਨ ਸਪ੍ਰਿਚਿਊਲ ਟ੍ਰੇਜ਼ਰ) ਹੈ। ਟਾਇਨਬੀ ਦਾ ਕਹਿਣਾ ਹੈ ਕਿ ਕਈ ਹੋਰ ਕਾਰਨਾਂ ਕਰਕੇ ਵੀ ਗੁਰੂ ਗ੍ਰੰਥ ਸਾਹਿਬ ਉੱਤਮ ਹੈ। ਇਕ ਤਾਂ ਜਿਤਨੇ ਅਦਬ ਨਾਲ ਗੁਰੂ ਗ੍ਰੰਥ ਸਾਹਿਬ ਰੱਖੇ ਜਾਂਦੇ ਹਨ ਹੋਰ ਕਿਸੇ ਧਾਰਮਿਕ ਲਿਖਤ ਨੂੰ ਐਸਾ ਦੇਖਣ ਵਿਚ ਨਹੀਂ ਆਇਆ। ਠੀਕ ਗੱਲ ਤਾਂ ਇਹ ਹੈ ਕਿ ਮੁਸਲਮਾਨਾਂ ਨਾਲੋਂ ਵੀ ਕਿਤੇ ਵੱਧ, ਜਿਤਨਾ ਉਹ ਕੁਰਾਨ ਦਾ ਰੱਖਦੇ ਹਨ ਜਾਂ ਬਾਈਬਲ ਦਾ ਈਸਾਈ ਅਤੇ ਤੌਰੇਤ ਦਾ ਯਹੂਦੀ। ਸਿੱਖਾਂ ਲਈ ਗੁਰੂ ਗ੍ਰੰਥ

ਸਾਹਿਬ ਜਾਗਤ ਜੋਤ ਹੈ, ਗੁਰੂ ਹੈ। ਜਿਵੇਂ ਉਹ ਗੁਰੂ ਵਿਅਕਤੀਆਂ ਨੂੰ ਆਦਰ ਦੇਂਦੇ ਸਨ , ਇਵੇ ਇਸ ਨੂੰ ਦੇਂਦੇ ਹਨ। ਭਾਵੇਂ ਇਸ ਵਿਚ ਗੁਰੂ ਸਾਹਿਬਾਨ ਦੀ ਬਾਣੀ ਦਾ ਆਕਾਰ ਸਭ ਤੋਂ ਵੱਧ ਹੈ ਪਰ ਦੂਜੇ ਭਗਤਾਂ ਦੀ ਬਾਣੀ ਨੂੰ ਵੀ ਪੂਰਾ ਆਦਰ ਦਿੱਤਾ ਹੈ। ਇਹ ਇਕ ਪ੍ਰਕਾਰ ਦੀ ਸਰਵਲੌਕਿਕ ਬੀੜ (ਕੈਥਾਲਿਕ ਐਂਥਾਲੋਜੀ ) ਹੈ। ਭਗਤ ਵੀ ਇਕ ਪ੍ਰਕਾਰ ਦੇ ਸਿੱਖ ਹੀ ਸਨ ਜੋ ਮੂਲਕ ਸੱਚਾਈਆਂ ਨੂੰ ਢੂੰਡ ਲੱਭ ਲਿਆਂਦੇ ਰਹੇ , ਜਿਵੇਂ ਗੁਰੂ ਸਾਹਿਬਾਨ ਕਰਦੇ ਸਨ।

ਟਾਇਨਬੀ ਹੋਰ ਲਿਖਦਾ ਹੈ ਕਿ ਇਸ ਵਿਚ ਰਤਾ ਵੀ ਕੋਈ ਸ਼ੱਕ ਨਹੀਂ ਕਿ ਮਨੁੱਖਤਾ ਦਾ ਭਵਿੱਖ ਧੁੰਦਲਾ ਹੈ ਪਰ ਇਹ ਗੱਲ ਵੀ ਸਹਿਲੇ ਦੇਖੀ ਜਾ ਸਕਦੀ ਹੈ ਕਿ ਕਮਾਈ ਵਾਲੇ ਉਚੇਰੇ ਧਰਮ (ਹਾਇਰ ਰਿਲੀਜਨ) ਨਿੱਤ ਵੱਧ ਰਹੇ ਆਵਾਜਾਈ ਦੇ ਸਾਧਨਾਂ ਕਾਰਨ, ਇਕ ਤੇ ਦੂਜੇ ਪ੍ਰਭਾਵ ਵੀ ਅਵੱਸ਼ ਛੱਡਣਗੇ। ਹੋਵਣ ਵਾਲੀ ਇਸ ਧਾਰਮਿਕ ਗੋਸ਼ਟੀ ਵਿਚ, ਸਿੱਖ ਧਰਮ ਤੇ ਇਹ ਗੁਰੂ ਗ੍ਰੰਥ ਸਾਹਿਬ ਰਹਿੰਦੇ ਸੰਸਾਰ ਨੂੰ ਇਕ ਉਚੇਰੀ ਕੀਮਤੀ ਬਾਤ ਕਹਿਣ ਦੀ ਸਮਰੱਥਾ ਰੱਖਦਾ ਹੈ। (ਸਪੈਸ਼ਲ ਵੈਲਯੂ ਟੂ ਸੇ) ਖਹਿ-ਖਹਿ ਕਰਦੇ ਧਰਮਾਂ ਵਿੱਚ ਆਤਮਿਕ ਮਿਲਣੀ ਕਰਾਉਣ ਯੋਗ ਇਸ ਵਿੱਚ ਬਲ ਵੀ ਹੈ ਅਤੇ ਵੱਲ ਵੀ। ਇਹ ਖ਼ੁਸ਼ਖ਼ਬਰੀ ਹੈ।

ਡਾਕਟਰ ਰਾਧਾ ਕ੍ਰਿਸ਼ਨਨ ਨੇ ਇਸੇ ਪ੍ਰਸੰਗ ਵਿਚ ਵਿਲਿਯਮ ਪੈਨ ਦਾ ਹਵਾਲਾ ਦੇ ਕੇ ਲਿਖਿਆ ਹੈ ਕਿ ਇਲਮ ਤੋਂ ਨੇੜੇ ਸੂਝ ਤੇ ਸ਼ਬਦ ਹੈ ਜਿਸ ਤੋਂ ਸਾਰੀਆਂ ਬਾਣੀਆਂ ਉਪਜਦੀਆਂ ਹਨ। 'ਗੁਰਮੁਖਿ ਨਾਦੰ, ਗੁਰਮੁਖਿ ਵੇਦੰ, ਗੁਰਮੁਖਿ ਰਹਿਆ ਸਮਾਈ।' ਗੁਰੂ ਦੇ ਮੁੱਖ ਤੋਂ ਨਿਕਲਿਆ ਹਰ ਸ਼ਬਦ, ਹਰ ਅੱਖਰ ਸੰਗੀਤਕ ਧੁੰਨ ਹੈ ਤੇ ਇਲਮਾਂ ਦਾ ਨਿਚੋੜ ਹੈ। ਗੁਰੂ ਸ਼ਬਦ ਨੂੰ ਅੰਦਰ ਵਸਾਇਆ ਅਗੰਮੀ ਝਲਕਾਂ ਮਿਲਦੀਆਂ ਹਨ। ਪੋਥੀ ਪਰਮੇਸ਼ਰ ਕਾ ਥਾਨ, ਗੁਰੂ ਮਹਾਰਾਜ ਨੇ ਆਪੂ ਹੀ ਫ਼ਰਮਾਇਆ ਹੈ।

ਡਾਕਟਰ ਰਾਧਾ ਕ੍ਰਿਸ਼ਨਨ ਅਗਾਂਹ ਲਿਖਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਇਸ ਪੱਖੋਂ ਵੀ ਮਹਾਨ ਹੈ ਕਿ ਇਹ ਸਾਨੂੰ ਸੋਝੀ ਦੇਂਦਾ ਹੈ ਕਿ ਨਿਰੋਲ ਇਕ ਦੂਜੇ ਦੇ ਖ਼ਿਆਲ ਨੂੰ ਸਹਾਰਨ ਸੁਣਨ ਨਾਲ ਹੀ ਸਗਾਲੀ ਤੇ ਸਾਝਾਂ ਨਹੀਂ ਬਨਣੀਆਂ, ਦੂਜੇ ਦੇ ਅਕੀਦਿਆਂ ਦਾ ਆਦਰ ਤੇ ਸਾਲਾਂਹਿ ਕਰਨੀ ਵੀ ਜ਼ਰੂਰੀ ਹੈ। ਗੁਰੂ ਗ੍ਰੰਥ ਸਾਹਿਬ ਇਹ ਵੀ ਦਰਸਾ ਰਿਹਾ ਹੈ ਇਸ ਗੱਲੋਂ ਇਨਕਾਰ ਨਹੀਂ ਕਰਨਾ ਚਾਹੀਦਾ ਕਿ ਹੋਰਨਾਂ ਪਾਸ ਵੀ ਉਹੀ ਆਤਮਿਕ ਕਮਾਈ ਹੈ ਅਤੇ ਉਨ੍ਹਾਂ ਦੇ ਪੂਰਨਿਆਂ ਤੇ ਟੁਰਨ ਵਾਲਿਆਂ ਵਿਚ ਕੁਰਬਾਨੀ ਦਾ ਜਜ਼ਬਾ ਭਰਨ ਅਤੇ ਚੰਗੇ ਜੀਵਨ ਜਾਂਚ ਦੀ ਪ੍ਰੇਰਣਾ, ਦੇਣ ਯੋਗ ਸ਼ਕਤੀ ਹੈ। ਗੁਰੂ ਸਾਹਿਬਾਨ ਅਤੇ ਜਿਨ੍ਹਾਂ ਹੋਰਨਾਂ ਦੀ ਬਾਣੀ ਇਕ ਥਾਂ ਕਰ ਬੀੜ ਬੱਧੀ ਗਈ ਹੈ ਸਭ ਉਹ ਐਸੀਆਂ ਸਿਫਤਾਂ ਦੇ ਮਾਲਕ ਸਨ ਅਤੇ ਦੂਜੇ ਧਰਮਾਂ ਦੀਆਂ ਰਵਾਇਤਾਂ ਦੀ ਕਦਰ ਕਰਦੇ ਸਨ ਜੋ ਜੀਵਨ ਜੀਣ ਲਈ ਪ੍ਰੇਰ ਰਹੀਆਂ ਸਨ। ਗੁਰੂ ਜੀ ਨੇ ਦੱਸਿਆ ਕਿ ਧਰਮ ਨਿਰਾ ਮੰਨਣ ਨਹੀਂ ਸਗੋਂ ਮਾਨਣ ਲਈ ਹੈ।ਅਕੀਦਿਆ ਤੇ ਟੁਰਨ ਦਾ ਨਾਮ ਧਰਮ ਹੈ।

ਨੋਬਲ ਪ੍ਰਾਈਜ਼ ਜੇਤੂ ਪਰਲ ਐਸ: ਬੱਕ ਨੇ ਗੁਰੂ ਗ੍ਰੰਥ ਸਾਹਿਬ ਦਾ ਉਲੱਥਾ ਪੜ੍ਹ ਲਿਖਿਆ ਸੀ :

ਜਦ ਮੈਂ ਇਕੱਲ ਮਹਿਸੂਸ ਕਰਦੀ ਹਾਂ, ਚਿੰਤਾ ਦੀ ਘੜੀ ਸਤਾਂਦੀ ਹੈ ਤਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਕਾਂਤ ਬਖ਼ਸ਼ਦੀ ਹੈ, ਤਸੱਲੀ ਦੇਂਦੀ ਹੈ ਅਤੇ ਰੂਹ ਨੂੰ ਨਸ਼ਿਆ ਦੇਂਦੀ ਹੈ। ਪੜ੍ਹਦਿਆਂ ਇਕ ਵਿਸਮਾਯ ਰੰਗ ਛਾਂ ਜਾਂਦਾ ਹੈ। ਇਹ ਰੰਗ ਹਰ ਉਸੇ ਤੇ ਚੜ੍ਹ ਜਾਏਗਾ ਜੋ ਮਨ ਚਿੱਤ ਇਕ ਕਰਕੇ ਬਾਣੀ ਪੜ੍ਹੇਗਾ।

ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਥਾਲ ਕਿਹਾ ਹੈ ਜਿਸ ਵਿਚ ਤਿੰਨੋਂ ਵਸਤੂਆਂ ਸਤੁ, ਸੰਤੋਖ ਤੇ ਵੀਚਾਰ ਉਚੇਚੇ ਤੌਰ ਤੇ ਪਰੋਸੀਆਂ ਹਨ ਅਤੇ ਨਾਲ ਇਹ ਵੀ ਦਰਸਾਇਆ ਇਨ੍ਹਾਂ ਤਿੰਨਾਂ (ਸਤੁ, ਸੰਤੋਖ ਤੇ ਵੀਚਾਰ ) ਨੂੰ ਕਾਇਮ ਰੱਖਣ ਲਈ 'ਅੰਮ੍ਰਿਤ ਨਾਮ ਠਾਕੁਰ' ਨੂੰ ਆਧਾਰ ਬਨਾਉਣਾ ਲਾਜ਼ਮੀ ਹੈ। ਚੇਤਾਵਨੀ ਵੀ ਦਿੱਤੀ ਕਿ ਇਹ ਵਸਤੂਆਂ ਖਾਣ ਤੇ ਪਚਾਉਣ (ਖਾਵੈ ਭੁੰਚੈ) ਦਾ ਵੱਲ ਆਉਣਾ ਵੀ ਜ਼ਰੂਰੀ ਹੈ। ਜਿਸ ਨੂੰ ਆ ਗਿਆ ਉਹ ਇਹ ਸੰਸਾਰ ਸਹਿਲੇ ਹੀ ਤਰ ਜਾਇਗਾ।

ਸਮੁੱਚੀ ਬਾਣੀ ਵਿਚ ਜੋ ਰੌ ਦੌੜ ਰਹੀ ਹੈ ਉਸ ਨੂੰ ਗੁਰੂ ਅਰਜਨ ਦੇਵ ਜੀ ਨੇ ਗਉੜੀ ਵਾਰ ਦੀ ਇਕ ਪਉੜੀ ਵਿਚ ਉਜਾਗਰ ਕਰ ਲਿਖਿਆ ਹੈ :-

ਜਿਸੁ ਸਰਬ ਸੁਖਾ ਫਲ ਲੋੜੀਅਹਿ ਸੋ ਸਚੁ ਕਮਾਵਉ।
ਨੇੜੇ ਦੇਖਉ ਪਾਰਬ੍ਰਹਮੁ ਇਕੁ ਨਾਮੁ ਧਿਆਵਉ।
ਹੋਇ ਸਗਲ ਕੀ ਰੇਣੁਕਾ ਹਰਿ ਸੰਗ ਸਮਾਵਉ ॥
ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ।
ਪਤਿਤ ਪੁਨੀਤ ਕਰਤਾ ਪੁਰਖੁ ਨਾਨਕ ਸੁਣਾਵਉ ॥ ੧॥

***

## ਪਾਠਕਾਂ ਪ੍ਰਤੀ ਜ਼ਰੂਰੀ ਬੇਨਤੀ

ਪਿਆਰੇ ਪਾਠਕੋ ! ਆਪ ਜੀ ਵਲੋਂ 'ਸੇਵਾ ਜੋਤੀ' ਪਰਚੇ ਨੂੰ ਭਰਪੂਰ ਸਹਿਯੋਗ ਮਿਲ ਰਿਹਾ ਹੈ। ਜਿਸ ਨਾਲ ਪਰਚੇ ਦੀ ਛਪਣ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਆਪ ਜੀ ਨੂੰ ਬੇਨਤੀ ਹੈ ਕਿ 'ਸੇਵਾ ਜੋਤੀ' ਪਰਚਾ ਮੰਗਵਾਉਣ ਲਈ ਹੇਠ ਲਿਖੀਆਂ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਤਾਂ ਜੋ ਤੁਹਾਡਾ ਹਰਮਨ ਪਿਆਰਾ 'ਸੇਵਾ ਜੋਤੀ' ਪਰਚਾ ਤੁਹਾਡੇ ਤੱਕ ਪਹੁੰਚਾਉਣ ਵਿੱਚ ਕੋਈ ਦਿੱਕਤ ਨਾ ਆਵੇ।

1. ਨਵਾਂ ਪਤਾ **(address)** ਦੇਣ ਸਮੇਂ (ਮਕਾਨ ਨੰ:, ਗਲੀ ਨੰ:,ਮੁਹੱਲਾ, ਤਹਿਸੀਲ, ਵਾਇਆ, ਪਿੰਨ-ਕੋਡ ਵਗੈਰਾ ) ਦਾ ਪੂਰਾ ਧਿਆਨ ਰੱਖਿਆ ਜਾਵੇ ਤਾਂ ਜੋ ਅਧੂਰੇ ਪਤੇ ਕਾਰਨ 'ਸੇਵਾ ਜੋਤੀ' ਪਰਚਾ ਵਾਪਸ**(undelivered)** ਨਾ ਹੋਵੇ।
2. ਆਪਣਾ ਨਵਾਂ ਪਤਾ**(address)** ਅੰਗਰੇਜ਼ੀ ਦੇ ਵੱਡੇ ਅੱਖਰਾਂ **(capital letters)** ਵਿੱਚ ਸਾਫ਼ ਤੇ ਸਪੱਸ਼ਟ ਲਿਖ ਕੇ ਭੇਜਿਆ ਜਾਵੇ।
3. ਨਵੇਂ ਪਤੇ**(address)** ਲਿਖਾਵਾਉਣ ਜਾਂ ਪੁਰਾਣੇ ਪਤੇ ਖ਼ਾਰਜ**(cancel)** ਕਰਾਉਣ ਲਈ 'ਸੇਵਾ ਜੋਤੀ' ਦਫ਼ਤਰ ਵਿਖੇ ਚਿੱਠੀ-ਪੱਤਰ ਰਾਹੀ ਜਾਂ ਖੁਦ ਸੰਪਰਕ ਕੀਤਾ ਜਾਵੇ।

ਨੋਟ : ਜੇਕਰ ਕਿਸੇ ਵੀ ਪਾਠਕ ਨੂੰ ਭਾਈ ਘਨੱਈਆ 'ਸੇਵਾ ਜੋਤੀ' ਪਰਚਾ 13 ਤਾਰੀਖ਼ ਤੱਕ ਨਾ ਮਿਲੇ ਤਾਂ ਉਹ ਚਿੱਠੀ-ਪੱਤਰ ਲਿਖ ਕੇ ਦੁਬਾਰਾ ਮੰਗਵਾ ਸਕਦਾ ਹੈ। ਜੇਕਰ ਉਸ ਨੂੰ ਇੱਕ ਤੋਂ ਵੱਧ ਪਰਚੇ ਪਹੁੰਚਦੇ ਹੋਣ ਤਾਂ ਵੀ ਉਹ ਚਿੱਠੀ-ਪੱਤਰ ਰਾਹੀਂ ਦੱਸਣ ਦੀ ਕਿਰਪਾ ਕਰੇ।

ਸਹਾਇਕ ਸੰਪਾਦਕ

ਸਿੱਖ ਜਗਤ ਦਾ ਅਧਿਆਤਮਕ ਸੋਮਾ -

# ਸ੍ਰੀ ਹਰਿਮੰਦਰ ਸਾਹਿਬ

ਪ੍ਰੋ: ਬਲਵਿੰਦਰ ਪਾਲ ਸਿੰਘ

ਲੜੀ ਜੋੜਨ ਲਈ ਅਕਤੂਬਰ 2001 ਦਾ ਅੰਕ ਪੜ੍ਹੋ ।

ਸ੍ਰੀ ਹਰਿਮੰਦਰ ਸਾਹਿਬ ਵਿਚ ਜਿਥੇ ਅੱਠੇ ਪਹਿਰ ਨਿਰੋਲ ਕੀਰਤਨ ਤੇ ਵਾਹਿਗੁਰੂ ਦੀ ਉਸਤਤ ਦਾ ਪ੍ਰਵਾਹ ਸੰਗਤ ਵਿਚ ਚਲਦਾ ਰਹਿੰਦਾ ਹੈ, ਉਥੇ ਲੰਗਰ ਘਰ ਵਿਚ ਜਾ ਕੇ ਪੰਗਤ ਵਿਚ ਬੈਠ ਕੀ ਲੰਗਰ ਛਕਿਆ ਜਾਂਦਾ ਹੈ, ਜਿਸ ਨਾਲ ਸਰੀਰਕ ਤੇ ਅਧਿਆਤਮਕ ਦੋਵੇਂ ਸੁੱਖਾਂ ਦੀ ਤ੍ਰਿਪਤੀ ਪ੍ਰਾਣੀ ਨੂੰ ਉਪਲਬਧ ਹੁੰਦੀ ਹੈ । ਇਸ ਪਵਿੱਤਰ ਸਥਾਨ ਦੇ ਅੰਦਰਲੇ ਫਰਸ਼ ਤੇ ਅੰਦਰਲੀਆਂ ਪ੍ਰਕਰਮਾਂ ਦੀ ਇਸ਼ਨਾਨ ਸੇਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਤੋਂ ਪਹਿਲਾਂ ਤੇ ਰਾਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੁਆਰੀ ਲੈ ਜਾਣ ਉਪਰੰਤ ਕੀਤੀ ਜਾਂਦੀ ਹੈ, ਭਾਵੇਂ ਹਨੇਰੀ ਹੋਵੇ, ਮੀਂਹ ਹੋਵੇ ਜਾਂ ਸਰਦੀ ਹੋਵੇ, ਸੰਗਤਾਂ ਦੁਆਰਾ ਬਾਹਰਲੀਆਂ ਪ੍ਰਕਰਮਾਂ ਤੇ ਹਰ ਸਥਾਨਾਂ ਦੀ ਇਸ਼ਨਾਨ ਸੇਵਾ ਦਿਨ ਵਿਚ ਕਈ ਵਾਰ ਹੁੰਦੀ ਹੈ ।

ਸ੍ਰੀ ਹਰਿਮੰਦਰ ਸਾਹਿਬ ਦੀ ਅਨੋਖੀ ਰੂਹਾਨੀ ਪ੍ਰਤਿਭਾ ਹਮੇਸ਼ਾ ਜ਼ਾਲਮ ਸਰਕਾਰ ਦੀਆਂ ਅੱਖਾਂ ਵਿਚ ਰੜਕਦੀ ਰਹੀ ਹੈ । ਇਹੀ ਕਾਰਣ ਹੈ ੧੭੪੦ ਈ: ਨੂੰ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਨੇ ਫੌਜ਼ ਦੇ ਸਖ਼ਤ ਪਹਿਰਿਆਂ ਦੇ ਬਾਵਜੂਦ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਭੰਗ ਕਰਨ ਵਾਲੇ ਜ਼ਕਰੀਆ ਖਾਨ ਦੇ ਜਰਨੈਲ ਮੱਸਾ ਰੰਘੜ ਦਾ ਸਿਰ ਵੱਢ ਕੇ ਖਾਲਸਈ ਸਿਧਾਂਤਾਂ ਉਪਰ ਪਹਿਰਾ ਦਿੱਤਾ ।

੧੭੫੭ ਈ: ਵਿਚ ਜਦੋਂ ਅਹਿਮਦ ਸ਼ਾਹ ਅਬਦਾਲੀ ਦੇ ਪੁੱਤਰ ਤੈਮੂਰ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਤਬਾਹੀ ਕੀਤੀ ਤਾਂ ਬਾਬਾ ਦੀਪ ਸਿੰਘ ਮੁੱਖ ਸੇਵਾਦਾਰ ਦਮਦਮੀ ਟਕਸਾਲ ਨੇ ਖਾਲਸਾ ਪੰਥ ਦੀ ਅਗਵਾਈ ਕਰਕੇ, ਧਾੜਵੀਆਂ ਨਾਲ ਟੱਕਰ ਲੈ ਕੇ ਇਸ ਪਵਿੱਤਰ ਸਥਾਨ ਲਈ ਸ਼ਹੀਦੀ ਦਿੱਤੀ । ੧੭੬੨ ਈਸਵੀ ਤੇ ੧੭੬੪ ਈ: ਨੂੰ ਅਹਿਮਦ ਸ਼ਾਹ ਅਬਦਾਲੀ ਨੇ ਸਿੱਖ ਕੌਮ ਦੀ ਹੋਂਦ ਮਿਟਾਉਣ ਲਈ ਸ੍ਰੀ ਹਰਿਮੰਦਰ ਸਾਹਿਬ ਨੂੰ ਤਹਿਸ-ਨਹਿਸ ਕਰ ਦਿੱਤਾ । ਬਾਬਾ ਗੁਰਬਖਸ਼ ਸਿੰਘ ੧੭੬੪ ਈ: ਦੇ ਹਮਲੇ ਦੌਰਾਨ ਆਪਣੇ ਥੋੜ੍ਹੇ ਜਿਹੇ ਸਾਥੀਆਂ ਸਮੇਤ ਉਸ ਦੀਆਂ ਫੌਜ਼ਾਂ ਦਾ ਮੁਕਾਬਲਾ ਕਰਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ ।

ਸਿੱਖਾਂ ਦੀ ਬਹਾਦਰੀ ਅੱਗੇ ਅਬਦਾਲੀ ਜ਼ਿਆਦਾ ਚਿਰ ਨਾ ਠਹਿਰ ਸਕਿਆ, ਜਿਸ ਕਾਰਣ ਉਸ ਨੂੰ ਮਜਬੂਰ ਹੋ ਕੇ ਅਫ਼ਗਾਨਿਸਤਾਨ ਜਾਣਾ ਪਿਆ । ੧੭੬੪ ਈ: ਨੂੰ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੇ ਪਵਿੱਤਰ ਸਰੋਵਰ ਵਿਚੋਂ ਮਲਬਾ ਕਢਵਾ ਕੇ ਪੁਰਾਣੇ

ਨਕਸ਼ੇ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਦੀ ਉਸਰਵਾਈ ਕਰਵਾਈ। ਸਿੱਖ ਮਿਸਲਾਂ ਦੇ ਸਰਦਾਰਾਂ ਨੇ ਇਸ ਅਸਥਾਨ ਦੀ ਰੱਖਿਆ ਲਈ ਕਈ ਬੁੰਗੇ ਪਵਿੱਤਰ ਸਰੋਵਰ ਕੋਲ ਉਸਰਵਾਏ, ਜਿਨ੍ਹਾਂ ਵਿਚੋਂ ਰਾਮਗੜ੍ਹੀਆ ਬੁੰਗਾ ਹੁਣ ਤੱਕ ਕਾਇਮ ਹੈ।

ਇਸ ਬੁੰਗੇ ਦੀ ਉਸਾਰੀ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਸੰਨ ੧੭੯੪ ਈ: ਵਿਚ ੨,੭੫੦੦੦ ਰੁਪਏ ਦੀ ਲਾਗਤ ਨਾਲ ਕਰਵਾਈ। ਬਾਅਦ ਵਿਚ ਸ: ਜੋਧ ਸਿੰਘ ਨੇ ਇਸ ਉਪਰ ੨,੨੫,੦੦੦ ਰੁਪਏ ਦਾ ਖਰਚਾ ਕਰਕੇ ਇਸ ਦਾ ਬਾਕੀ ਕੰਮ ਸੰਪੂਰਨ ਕੀਤਾ। ਇਸ ਬੁੰਗੇ ਦੀ ਦੋ-ਮੰਜ਼ਿਲਾਂ ਇਮਾਰਤ ਬਹੁਤ ਸੁੰਦਰ ਹੈ, ਜੋ ਕਿ ਸਿੱਖ ਕਾਰੀਗਰਾਂ ਦੀ ਮੁਹਾਰਤ ਦਾ ਨਮੂਨਾ ਹੈ। ਇਸ ਬੁੰਗੇ ਦੀ ਵਿਸ਼ੇਸ਼ ਅਹਿਮੀਅਤ ਇਹ ਹੈ ਕਿ ਇਸ ਦੇ ਦੋਨੋਂ ਪਾਸੇ ਦੇ ਉਚੇ ਮੁਨਾਰੇ ਹਨ, ਜਿਨ੍ਹਾਂ ਤੋਂ ਜਿਥੇ ਸਮੁੱਚੇ ਸ਼ਹਿਰ ਦਾ ਨਜ਼ਾਰਾ ਦਿਖਾਈ ਦਿੰਦਾ ਹੈ, ਉਥੇ ਸੁਰੱਖਿਆ ਦੇ ਸਹਾਇਕ ਸਾਧਨ ਵਜੋਂ ਵੀ ਮਹੱਤਤਾ ਦਾ ਲਖਾਇਕ ਹੈ। ਇਹਨਾਂ ਮੁਨਾਰਿਆਂ ਦੀ ਉਚਾਈ ੧੫੬ ਫੁੱਟ ਹੈ, ਜਿਸ ਵਿਚ ਲੱਕੜੀ ਦਾ ਪ੍ਰਯੋਗ ਬਿਲਕੁਲ ਨਹੀਂ ਹੋਇਆ। ਇਸ ਬੁੰਗੇ ਦਾ ਮੱਥਾ ਲੱਗ-ਭੱਗ ੧੫੦ ਫੁੱਟ ਹੈ, ਜਿਸ ਦੀ ਹੇਠਲੀ ਮੰਜ਼ਲ ਤੇ ਲਾਲ ਪੱਥਰ ਅਤੇ ਸੰਗਮਰਮਰ ਦੇ ਥੰਮ ਹਨ। ਇਸ ਉਪਰ ਜੋ ਸੁੰਦਰ ਤੇ ਬਰੀਕ ਕੰਮ ਹੋਇਆ ਹੈ, ਉਹ ਸਿੱਖ ਕਾਰੀਗਰੀ ਦਾ ਉੱਤਮ ਨਮੂਨਾ ਹੈ। ਇਨ੍ਹਾਂ ਥੰਮਾਂ ਦੇ ਸਹਾਰੇ ਹੀ ਬੁੰਗੇ ਦੀ ਪਹਿਲੀ ਮੰਜ਼ਲ ਮੁਕੰਮਲ ਕੀਤੀ ਗਈ। ਇਸੇ ਮੰਜ਼ਲ ਤੇ ਇਕ ਬਹੁਤ ਵੱਡੀ ਸਾਰੀ ਇਤਿਹਾਸਕ ਸਿਲ ਮੌਜੂਦ ਹੈ, ਜਿਸ ਦੀ ਲੰਬਾਈ ੬ ਫੁੱਟ ੩ ਇੰਚ, ਚੌੜਾਈ ੪ ਫੁੱਟ ੬ ਇੰਚ, ਉਚਾਈ ੯ ਇੰਚ ਹੈ। ਇਹ ਸਿਲ ਤਖ਼ਤੇ ਤਾਊਸ ਦਾ ਫਰਸ਼ ਸੀ, ਜਿਸ ਨੂੰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਅਫਗਾਨ ਧਾੜਵੀਆਂ ਕੋਲੋਂ ੧੭੮੭ ਈ: ਵਿਚ ਖੋਹ ਕੇ ਇਥੇ ਲਿਆਂਦਾ ਸੀ।

ਬੁੰਗਾ ਰਾਮਗੜ੍ਹੀਆ ਦੀ ਹੇਠਲੀ ਮੰਜ਼ਲ ਦੇ ਹੇਠਾਂ ਇਕ ਵੱਡਾ ਹਾਲ ਹੈ, ਜਿਸ ਦੇ ਹੇਠਾਂ ਭੋਰੇ ਹਨ, ਜਿਨ੍ਹਾਂ ਵਿਚ ਲੋੜ ਪੈਣ ਵੇਲੇ ਖਾਲਸਾ ਪੰਥ ਦੇ ਸੂਰਮੇ ਮੋਰਚੇ ਬਣਾ ਕੇ ਦੁਸ਼ਮਣਾਂ ਨਾਲ ਗੁਰੀਲਾ ਯੁੱਧ ਕਰਦੇ ਰਹੇ। ਇਹ ਬੁੰਗੇ ਦੀ ਪਹਿਲੀ ਮੰਜ਼ਲ ਦੀ ਛੱਤ ਵੀ ਉਤਕ੍ਰਿਸ਼ਟ ਸਿੱਖ ਕਾਰੀਗਰੀ ਦੀ ਅਦੁੱਤੀ ਮਿਸਾਲ ਹੈ, ਕਿਉਂਕਿ ਇਸ ਉਪਰ ਫੁੱਲ-ਪੱਤੀਆਂ, ਸੁੰਦਰ ਅਕਾਰ ਅਤੇ ਕਲਾ ਦੇ ਉੱਤਮ ਨਮੂਨੇ ਬਣੇ ਹੋਏ ਹਨ।

ਸ: ਜੋਧ ਸਿੰਘ ਰਾਮਗੜ੍ਹੀਆ ਦੀ ਮੌਤ ਤੋਂ ਬਾਅਦ ੧੮੦੨ ਈਸਵੀ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਅੰਮ੍ਰਿਤਸਰ ਦੇ ਸਮੁੱਚੇ ਇਲਾਕੇ ਵਿਚ ਮੁਕੰਮਲ ਤੌਰ ਤੇ ਕਬਜ਼ਾ ਹੋ ਗਿਆ। ਉਸ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਸੁੰਦਰਤਾ ਵਿਚ ਇਜ਼ਾਫਾ ਕਰਨ ਤੇ ਅੰਮ੍ਰਿਤਸਰ ਇਲਾਕੇ ਦਾ ਸੁਧਾਰ ਕਰਨ ਲਈ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਨੂੰ ਆਪਣੀ ਧਾਰਮਿਕ ਰਾਜਧਾਨੀ ਬਣਾ ਲਿਆ। ਜੋ ਇਸ ਅਸਥਾਨ ਵਿਚ ਸਿੱਖ ਚਿੱਤਰਕਾਰੀ,

ਮੀਨਾਕਾਰੀ, ਸਿੱਖ ਕਲਾ ਸਭਿਆਚਾਰ ਦੇ ਨਮੂਨੇ ਦਿਖਾਈ ਦਿੰਦੇ ਹਨ, ਉਹ ਸਭ ਉਸ ਦੇ ਉਦਮ ਸਦਕਾ ਹੀ ਹੈ।

ਮਹਾਰਾਜਾ ਰਣਜੀਤ ਸਿੰਘ ਨੂੰ ਗਿਆਨ ਸੀ ਕਿ ਮੁਸਲਮਾਨਾਂ ਦੀਆਂ ਮਸੀਤਾਂ, ਮਹੱਲ ਤੇ ਭਾਰਤ ਦੇ ਮੰਦਰ ਕਿਵੇਂ ਸ਼ਿੰਗਾਰੇ ਹੋਏ ਹਨ। ਇਸ ਲਈ ਉਸ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਮੁਰੰਮਤ ਤੇ ਕਲਾਤਮਕ ਪੱਖੋਂ ਸ਼ਿੰਗਾਰਨ ਦਾ ਕਾਰਜ ਗਿਆਨੀ ਸੰਤ ਸਿੰਘ ਨੂੰ ਸੌਂਪਿਆ, ਜੋ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਦਾ ਨਿਵਾਸੀ ਸੀ। ਇਹ ਨਿਵਾਸ ਅਸਥਾਨ ਅੱਜ ਕਲ੍ਹ ਬੁਰਜ ਗਿਆਨੀਆਂ ਕਰਕੇ ਜਾਣਿਆ ਜਾਂਦਾ ਹੈ।

ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਮਹਾਰਾਜਾ ਰਣਜੀਤ ਸਿੰਘ ਨੇ ਹਿੰਦੂ ਮੋਹਰਾਕਸ਼ੀ ਤੇ ਮੁਗ਼ਲ ਮੋਹਰਾਕਸ਼ੀ ਦੀ ਥਾਂ ਗੁਰਬਾਣੀ ਪਿੱਠ ਭੂਮੀ ਵਿਚ ਇਕ ਵਿਲੱਖਣ ਨਵੀਂ ਮੌਲਿਕ ਸਿੱਖੀ ਸੁਭਾਅ ਵਾਲੀ ਮੋਹਰਾਕਸ਼ੀ ਦਾ ਕਾਰਜ ਕਰਵਾਇਆ ਕਿਉਂਕਿ ਹਿੰਦੂ ਮੋਹਰਾਕਸ਼ੀ ਵਿਚ ਅਵਤਾਰ-ਵਾਦ ਭਾਰੂ ਸੀ ਤੇ ਮੁਸਲਮਾਨ ਮੋਹਰਾਕਸ਼ੀ ਤੇ ਭੜਕੀਲਾ-ਪਨ ਜਰਕਵਰਕ ਦਾ ਕੰਮ ਸੀ। ਇਸ ਮੋਹਰਾਕਸ਼ੀ ਵਿਚ ਅਨੋਖਾ-ਪਨ ਇਹ ਹੈ ਕਿ ਇਸ ਸ਼ੈਲੀ ਦੇ ਚਿੱਤਰਾਂ ਵਿਚ ਮਨੁੱਖੀ ਚਿੱਤਰਾਂ ਰੋਮਾਂਚਕ ਚੰਚਲਤਾ ਦੀ ਮੌਜੂਦਗੀ ਨਹੀਂ, ਸਗੋਂ ਇਸ ਅਸਥਾਨ ਤੇ ਕਾਰੀਗਰਾਂ, ਥੰਮਾਂ, ਪਹਿਲੀ ਮੰਜ਼ਲ ਵਿਚ ਖਿੜਕੀਆਂ ਦੀ ਉਤਲੀ ਥਾਂ ਹਰਿ ਕੀ ਪੌੜੀ ਉਤੇ . ਉਤਲੀ ਮੰਜ਼ਲ ਦੇ ਕਮਰੇ ਅਤੇ ਪੌੜੀਆਂ ਦੇ ਰਸਤਿਆਂ ਤੇ ਕਲਾਕਾਰਾਂ ਨੇ ਚਿੱਤਰ ਤੇ ਡਿਜ਼ਾਇਨ ਬਨਾਉਣ ਲੱਗਿਆਂ ਕੁਦਰਤ ਤੋਂ ਜ਼ਿਆਦਾ ਪ੍ਰੇਰਣਾ ਲਈ ਹੈ, ਜਿਨ੍ਹਾਂ ਵਿਚ ਰੱਬੀ ਕੀਰਤਨ ਦੀ ਜੋਤ ਜਗੀ ਨਜ਼ਰ ਆਉਂਦੀ ਹੈ। ਇਹਨਾਂ ਚਿੱਤਰਾਂ ਵਿਚ ਗੁਲਾਬ ਦੇ ਫੁੱਲ, ਅੰਗੂਰਾਂ ਦੀ ਟਾਹਣੀਆਂ, ਕਪਾਹ ਦੇ ਪੱਤੇ, ਮੋਰ, ਸਾਰਸ, ਸ਼ੇਰ, ਮੱਛੀਆਂ ਤੇ ਹਾਥੀ ਇਸ ਤਰ੍ਹਾਂ ਨਜ਼ਰ ਆਉਂਦੇ ਹਨ, ਜਿਵੇਂ ਕਿ ਸਮੁੱਚਾ ਬ੍ਰਹਿਮੰਡ ਇਥੇ ਦ੍ਰਿਸ਼ਟਮਾਨ ਹੋਵੇ। ਕੁਝ ਕੁ ਚਿੱਤਰਾਂ ਵਿਚ ਸ਼ੇਰਾਂ, ਹਾਥੀਆਂ ਤੇ ਸੱਪਾਂ ਦੇ ਘੋਲ ਦੀ ਪੇਸ਼ਕਾਰੀ ਵੀ ਹੋਈ ਹੈ। ਕਈ ਥਾਵਾਂ ਤੇ ਪਰੀਆਂ, ਫੁੱਲਾਂ ਤੇ ਫਲਾਂ ਭਰੇ ਫੁਲਦਾਨ ਚੁੱਕੀ ਦਿਖਾਈ ਦਿੰਦੀਆਂ ਹਨ। ਇਸ ਪ੍ਰਕਾਰ ਸਮੁੱਚੀ ਚਿੱਤਰ-ਕਲਾ ਤੇ ਡਿਜ਼ਾਇਨ-ਕਲਾ ਸੁਹਜਾਤਮਕ ਪੱਖ ਤੋਂ ਆਪਣੀ ਵੱਖਰੀ ਹੋਂਦ ਸਥਾਪਿਤ ਕਰਦੀ ਹੋਈ ਹਰੇਕ ਸ਼ਰਧਾਲੂ ਦੇ ਮਨ ਵਿਚ ਰੂਹਾਨੀ ਹੁਲਾਰਾ ਜਗਾਉਂਦੀ ਹੈ।

ਹਰਿ ਕੀ ਪੌੜੀ ਦੇ ਦੱਖਣੀ ਪਾਸੇ ਵੱਲ ਭਾਈ ਨਿਹਾਲ ਸਿੰਘ ਤੇ ਜਵਾਹਰ ਸਿੰਘ ਦੇ ਚਿੱਤਰ ਅਤੇ ਹਰਿ ਕੀ ਪੌੜੀ ਦੇ ਉਤਰੀ ਪਾਸੇ ਵੱਲ ਸਭ ਤੋਂ ਉਪਰਲੀ ਮੰਜ਼ਲ ਦੇ ਕਮਰੇ ਵਿਚ ਦੀਵਾਰਾਂ ਦੀ ੬-੬ ਫੁੱਟ ਉਚਾਈ ਤੱਕ ਭਾਈ ਗਿਆਨ ਸਿੰਘ ਦੇ ਉਲੀਕੇ ਚਿੱਤਰ ਅਤੇ ਮੁੱਖ ਦਰਸ਼ਨੀ ਡਿਉੜੀ ਦੇ ਅੰਦਰਲੇ ਪਾਸੇ ਮਹੰਤ ਈਸ਼ਰ ਸਿੰਘ ਦੇ ਉਲੀਕੇ ਚਿੱਤਰ ਉਪਲੱਬਧ ਹਨ।

(ਚਲਦਾ ——)

# बाबाणीयां कहाणीयां

(भाई जगता जी)

जोगिन्द्र सिंघ 'सागर'

## अग्नि हीन धुआं

मध्यकालीन युग में साधु, सन्त, दरवेश, पीर, फकीर, सिद्ध, योगी आदि जिन स्थानों पर प्रचार अथवा निवास करते थे उन स्थानों को डेरा,कुटिया,टिकाणा, मठ, दर और दरगाह आदि नामों से पुकारा जाता था । जन साधारण की भाषा में उन्हें धूणी या धुआं कहा जाता था । हर स्थान के बाहर तीन चार फुट गोलाकार गढ़ा बना कर उसमें गोबर उपले आदि ईधन डाल कर आग दे दी जाती जो धीरे धीरे जलती रहती थी । शीत काल में लोग बाग हर रोज़ सवेरे शाम वहां इकत्र हो जाते और धर्म, इतिहास, साधु-सन्तों पीर फकीरों, अवतारों और धर्म ग्रन्थों की विचार चर्चा सुनते । इसी कारण इन स्थानों का नाम 'धूणी' अथवा 'धुआं' प्रचलित हो गया ।

इस बीच एक मुसलमान फकीर (सन्त) जिसने बाबा जगता जी के तप त्याग और सेवा सिमरण के बारे में काफी कुछ सुन रखा था, नूरपुर के टिकाणा में आया । उसने बाबा जी की परीक्षा लेनी चाही । उस समय बाबा जगता जी संगत को नाम बाणी की महिमा के सम्बन्ध में उपदेश दे रहे थे । फकीर सामने आकर खड़ा हो गया और कुछ देर वहां खडा देखता रहा । किसी ने उस ओर विशेष ध्यान न दिया । फकीर ने धड़वंजी (घड़े रखने वाला स्टैंड) पर से एक भरा घड़ा उठाया और चल दिया । बाबा जी व संगत के लोगों ने उसे देखा भी पर सब चुप चाप बैठे रहे । इसी प्रकार वह फकीर हर रोज़ सत्संग के समय आता और एक भरा घड़ा उठा ले जाता । वह देखता कि उठाये गये घड़े के स्थान पर नित नया भरा घड़ा

रखा होता था । फकीर घड़े उठाता रहा और नये घड़े वहां टिकते रहे । किसी ने उसे न रोका, न टोका, न हटाया, ।

फकीर इससे बेहद प्रभावित हुआ । उसने बाबा जी के चरणों पर सिर झुकाया और कहा कि धन्य हो महाराज ! मैं इतने दिन भरे घड़े उठा कर ले जाता रहा । किसी ने रोकना तो क्या पूछा तक नहीं । मैंने बड़े धुएं (टिकाणे) देखे हैं और आज़माये हैं । एक यही ऐसा दर (धुआं) है जहां न गर्मी, न आग न तपश न रोक-टोक और न ही कोई शिकवा शिकायत है । धन्य हैं आप और आपका टिकाणा । अलाह और इनसानीयत के खिदमतगार (सेवादार) मैं आपको सिजदा करता हूं । सर झुका कर आदाब करता हूं ।

शान्ति स्वरुप, सेवा सिमरण और परोपकार की मूर्ति बाबा जगता जी ने कहा कि फकीर साई ! यह घड़े लोगों की प्यास बुझाने के लिए यहां पर भरकर रखे गये हैं । आप प्यासों को पानी पिलाने के लिए ही तो यहां से घड़े ले जाते रहे हो । आपने तो सेवा कार्य में हमारा हाथ बटाया है । इसलिये हम सब आपके आभारी हैं आपने हमारी सहायता करके बड़ी कृपा की है । आदाब तो हमें आपको करना चाहिये । मानव सेवा हमारा मिशन है, हमारी बदंगी है पूजा है और साधना है । इसमें यदि कोई हमारी सहायता करता है तो हमें उसको धन्यवाद देना चाहिये । बाबा जी के अमृत भरे मीठे वचन सुन कर फकीर की सन्देह भावना समाप्त हो गई । अब उसे वास्तविकता का ज्ञान हो गया । असल फकीरी का राज़ अब उसकी समझ में आ गया । सेवा त्याग और परोपकार के रहस्य की झलक से वह नुरोनूर हो गया । गद्‌गद् हो गया । वह बार बार सर झुकाता सिजदे करता और धन्य धन्य कहता हुआ वहां से प्रस्थान कर गया ।

झुक जाय न जहां सर उसे दर नही कहते ।

***

# युग पुरुष

## श्री गुरु नानक देव जी

### (विद्वानों की दृष्टि में)

जोगिन्द्र सिंघ 'सागर'

✪ सिख धर्म के वेदव्यास भाई गुरदास जी ने आप को तारावली का सूर्य (ज्यों कर सूरज निकलिया तारे छिपे अन्धेर पलोआ) और मृगावली का बब्बर शेर (सिंघ बुके मृगावली भनी जाय न धीर धरोआ) कह कर अपनी श्रद्धा अर्पण की ।

एशिया के महान उर्दू शायर डा० मुहम्मद इकबाल ने यह कहकर

'' फिर उठी आखिर सदाअ तौहीद की पंजाब से
हिन्द को इक मर्दे कामिल न जगाया खाब से ''

बाबा नानक को अपनी अकीदत पेश की ।

✪ करामातों के बलि कहे जाने वाले सिद्धों और योगियों ने भी बाबा नानक से तरक-वितरक करने के बाद एक स्वर कह दिया :-

'' सिद्ध बोलण शुभ बचन धन नानक तेरी वडी कमाई ''

✪ मक्का के काज़ियों और निमाज़ियो ने भी मान लिया और कह दिया '' बिला शको शुबह बाबा नानक नबी अस्त-नबी अस्त-नबी अस्त । ''

✪ प्रसिद्ध इतिहासकार डा० मुहम्मद लतीफ ने ''हिस्ट्री आफ पंजाब'' में लिखा है कि बाबा नानक ने मानवता को ''अज्ञानता से ज्ञान '','अन्धकार से प्रकाश', 'भर्म से धर्म' और ' बन्धन से मुक्ति' की और ले जाने वाला रुहानी रास्ता दिखाया ।

✪ प्रो० हबीब जो जपु जी का उर्दू में अनुवाद करने जा रहे थे, को डा० मुहम्मद इकबाल ने लिखा था कि हबीब ! गुरु नानक की बाणी से न्याय करना । इन जैसा मोमन इसलाम में मिलना बहुत मुशिकल है ।

✪ प्रसिद्ध आर्य समाजी नेता लाला दौलत राय आर्य के कथनानुसार शुद्र व स्त्री जाति की स्वतंत्रता और समानता का ध्यान पिछले पांच हज़ार वर्षो में केवल युग पुरुष गुरु नानक को ही आया और आप इसमें पूर्णातया सफल भी हुए ।

✪ धनासरी राग में आरती सुन कर सर राबिन्दर नाथ टैगोर ने कहा था कि प्रकृति का जितना विस्त्रित व मार्मिक वर्णन गुरु नानक की आरती में है विश्व में और किसी रचना में नहीं मिलता ।

✪ मौलाना अबुल कलाम आज़ाद ने जाहिर पीर जगत गुर बाबा को श्रद्धा अर्पित करते हुए लिखा है कि मानवता को जातिवाद,धर्म और भर्म के अन्धेरे से निकाल कर गुरु नानक ने रौशन ज़मीर और सदाचारी बनाया ।

✪ प्रसिद्ध अग्रेज़ विद्वान टाइनबी ने जैनेवा की विश्व कानफ्रैंस में शोषण पर बोलते समय कहा था कि गुरु नानक ने धार्मिक, समाजिक, राजनैतिक आर्थिक शोषण का डट कर विरोध किया और इसको सब बुराइयों का मूल कहा ।

✪ वर्तमान समय के महान दार्शनिक ओशे (आचार्य रजनीश) के इस विचार में कितनी प्रमाणिकता है कि संसार के समस्त धार्मिक सिद्धान्तों का निश्कर्ष (निचोड़) गुरु नानक की एक ही पंक्ति में आ जाता है यथा :-

‘ सभना जीआं का इक दाता सो मैं विसर न जाई ’’

✪ सर्वोदय नेता श्री विनोबा भावे के कथन अनुसार समस्त संसार का भला (सरबत दा भला) चाहने वाले मानववादी युग पुरुष गुरु नानक को केवल सिखों का गुरु कहना बहुत बड़ा अन्याय है ।

✪ प्रसिद्ध कथाकार श्री आसाराम बापू अपने प्रवचनों में अकसर कहा करते हैं कि मानवता के सर्व सांझे गुरु नानक को हमने सिखों की झोली में डाल दिया है ।

✪ विश्व में केवल और केवल श्री गुरु नानक देव जी ही ऐसे पैगम्बर हुए हैं जिन पर हिन्दु और मुसलमान दोनो ने बराबर का हक जताया । प्राप्त हुए चादर और पुष्पों को आधा आधा बांट कर हिन्दुओं ने दाह संस्कार किया और मुसलमानों ने सपुर्द खाक किया (दफनाया) दोनों यादगारें आज भी करतारपुर(पाकिस्तान) में मौजूद हैं ।

‘ नानक शाह फकीर-हिन्दु का गुरु मुसलमान का पीर ’

✪✪✪

# ਦਫ਼ਤਰ ਵਰ-ਘਰ

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)

ਮੁੱਖ ਇੰਚਾਰਜ: ਸ: ਅਵਤਾਰ ਸਿੰਘ 'ਪ੍ਰੀਤ',

ਫ਼ੋਨ: **0164-262098, ਫੈਕਸ : 262657**

---

ਜਿਨ੍ਹਾਂ ਨੇ ਦਫ਼ਤਰ ਵਰ-ਘਰ ਵਿੱਚ ਫ਼ਾਰਮ ਭਰੇ ਹੋਏ ਹਨ ਉਹ ਚਿੱਠੀ-ਪੱਤਰ ਕਰਨ ਸਮੇਂ ਬਾਕਸ ਨੰਬਰ ਤੇ ਲੜਕੇ/ਲੜਕੀ ਦੀ ਕਾਰਡ ਸਾਈਜ਼ ਫ਼ੋਟੋ ਰਜਿਸਟਰਡ ਪੱਤਰ ਰਾਹੀਂ ਜ਼ਰੂਰ ਭੇਜਣ ਦੀ ਕਿਰਪਾ ਕਰਨ। ਜੇਕਰ ਆਪ ਜੀ ਦੇ ਲੜਕੇ / ਲੜਕੀ ਦਾ ਰਿਸ਼ਤਾ ਹੋ ਜਾਂਦਾ ਹੈ ਤਾਂ ਦਫ਼ਤਰ ਵਰ-ਘਰ ਨੂੰ ਸੂਚਿਤ ਕਰਨ ਦੀ ਕਿਰਪਾਲਤਾ ਕਰਨੀ।

---

## ਵਰ ਦੀ ਲੋੜ

1. ਰਾਮਗੜ੍ਹੀਆ ਹੰਜਰਾਂ ਜਬਲ, B.A., B.Ed., 30 ਸਾਲ, 5'2" ਸਰੀਰ ਥੋੜ੍ਹਾ ਭਾਰਾ, ਸਰਕਾਰੀ ਨੌਕਰੀ ਕਰਦੀ ਕੰਨਿਆਂ ਲਈ ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1076)
2. ਅਰੋੜਾ ਸਿੱਖ ਮੱਕੜ, M.A., B.Ed, 23 ਸਾਲ, 5'6" ਕੰਨਿਆਂ ਲਈ ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1077)
3. ਰਾਮਗੜ੍ਹੀਆ ਧੀਮਾਨ, M.A., 23 ਸਾਲ, 5'3" ਕੰਨਿਆਂ ਲਈ ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1078)
4. ਅਰੋੜਾ ਸਿੱਖ ਗੋਗੀਆ, B.A.+ Fashion Designing, 22 ਸਾਲ, 5'6" ਕੰਨਿਆਂ ਲਈ ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1079)

## ਕੰਨਿਆਂ ਦੀ ਲੋੜ

1. ਅਰੋੜਾ ਸਿੱਖ ਮੋਂਗਾ, +2, Elect. Engg. + Computer 23 ਸਾਲ, 5'8" ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 2076)
2. ਰਾਮਗੜ੍ਹੀਆ ਸਿੱਖ ਵਿਰਕ, Matric, 26 ਸਾਲ, 5'6" ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀ। (ਬਾਕਸ ਨੰ: 2077)
3. ਅਰੋੜਾ ਸਿੱਖ ਕੁਮਾਰ, 10+2, 23 ਸਾਲ, 5'7" ਆਪਣਾ ਪੈਸਟੀਸਾਈਡ ਦਾ ਬਿਜ਼ਨੈਸ ਕਰਦੇ ਲਈ ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 2078)
4. ਅਰੋੜਾ ਸਿੱਖ ਮੱਕੜ, Matric, 26 ਸਾਲ, 5' 8" ਆਪਣੇ ਕੱਪੜੇ ਦੀ ਦੁਕਾਨ ਕਰਦੇ ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 2079)
5. ਅਰੋੜਾ ਸਿੱਖ ਮੱਕੜ, B.A., 26 ਸਾਲ, 5' 6" ਆਪਣਾ ਬਿਜ਼ਨੈਸ ਕਰਦੇ ਲਈ ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 2080)

ਪ੍ਰਿੰਟਰ ਪਬਲਿਸ਼ਰ ਤੇ ਮਾਲਕ ਸ਼੍ਰੀਮਾਨ **108** ਸੰਤ ਬਾਬਾ ਤੀਰਥ ਸਿੰਘ ਜੀ ਨੇ ਸੁਭਾਸ਼ ਮਿੱਤਲ ਪ੍ਰਿੰਟਿੰਗ ਪ੍ਰੈਸ ਬਠਿੰਡਾ ਤੋਂ ਛਪਵਾ ਕੇ 'ਭਾਈ ਘਨੱਈਆ ਸੇਵਾ ਸੁਸਾਇਟੀ' (ਰਜਿ:) ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ) ਤੋਂ ਮਿਤੀ **1** ਨਵੰਬਰ **2001** ਨੂੰ ਜਾਰੀ ਕੀਤਾ।

ਠਿੰਡਾ (ਪੰਜਾਬ)


ਚਿੱਠੀ-ਪੱਤਰ ਕਰਨ
ਟਰਡ ਪੱਤਰ ਰਾਹੀਂ
ਕੀ ਦਾ ਰਿਸ਼ਤਾ ਹੋ
ਨੀ ।

ਸਰੀਰ ਥੋੜ੍ਹਾ ਭਾਰਾ.
ਬਾਕਸ ਨੰ: 1076)
ਆਂ ਲਈ ਯੋਗ ਵਰ
ਬਾਕਸ ਨੰ: 1077)
ਯੋਗ ਵਰ ਦੀ ਲੋੜ
ਬਾਕਸ ਨੰ: 1078)
ਲ, 5'6" ਕੰਨਿਆਂ
ਾਕਸ ਨੰ: 1079)

ਾਲ, 5'8" ਲੜਕੇ
ਕਸ ਨੰ: 2076)
ਯੋਗ ਕੰਨਿਆਂ ਦੀ
ਕਸ ਨੰ: 2077)
ਈਡ ਦਾ ਬਿਜ਼ਨੈਸ
ਕਸ ਨੰ: 2078)
ਟੀ ਦੁਕਾਨ ਕਰਦੇ
ਕਸ ਨੰ: 2079)
ਰਦੇ ਲਈ ਲੜਕੇ
ਕਸ ਨੰ: 2080)

ਜੀ ਨੇ ਸੁਭਾਸ਼
ਵਾ ਸੁਸਾਇਟੀ'
ਜ਼ਿਲ੍ਹਾ ਬਠਿੰਡਾ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਹੋਈ ਘੋਰ ਬੇਅਦਬੀ ਦੇ ਵਿਰੁੱਧ ਮਹੰਤ ਤੀਰਥ ਸਿੰਘ 'ਸੇਵਾ ਪੰਥੀ' ਦੀ ਅਗਵਾਈ ਵਿੱਚ 10-10-2001 ਨੂੰ ਗੋਨਿਆਣਾ ਮੰਡੀ ਦੀਆਂ ਸਾਰੀਆਂ ਸਭਾ - ਸੋਸਾਇਟੀਆਂ ਅਤੇ ਮੰਡੀ ਵਾਸੀਆਂ ਵੱਲੋਂ ਕੀਤੇ ਰੋਸ ਪ੍ਰਦਰਸ਼ਨ ਦੀਆਂ ਕੁਝ ਝਲਕੀਆਂ









Bhai Kanhaiya Sewa Joti (Monthly) R.N.I. Regd. No. 046716/84
Regd. No. Pb./1002/2001 Chandigarh Dt. 19-1-2001

ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਵੱਲੋਂ ਸਿਮਰਨ ਕੇਂਦਰ ਅਤੇ ਭਾਈ ਵੀਰ ਸਿੰਘ ਗੈਸਟ ਹਾਉਸ ਦੇ ਉਦਘਾਟਨ ਸਮਾਰੋਹ ਸਮੇਂ ਸਨਮਾਨਿਤ ਸਖਸ਼ੀਅਤਾਂ ।



ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਸ. ਕਿਰਪਾਲ ਸਿੰਘ ਜੀ,
ਸੰਤ ਬਾਬਾ ਤੀਰਥ ਸਿੰਘ ਜੀ ਗੋਨਿਆਣਾ ਭਾਈ ਜਗਤਾ ਨੂੰ ਸਨਮਾਨਿਤ ਕਰਦੇ ਹੋਏ ।



ਸੰਤ ਬਾਬਾ ਤੀਰਥ ਸਿੰਘ, ਸ. ਕਿਰਪਾਲ ਸਿੰਘ ਪ੍ਰਧਾਨ CKD ਨੂੰ
ਸਿਰਪਾਓ ਤੇ ਸਨਮਾਨ ਚਿੰਨ੍ਹ ਪ੍ਰਦਾਨ ਕਰਦੇ ਹੋਏ ।



ਸੰਤ ਬਾਬਾ ਤੀਰਥ ਸਿੰਘ ਜੀ, ਸ. ਕਿਰਪਾਲ ਸਿੰਘ ਤੇ ਸ. ਭਾਗ ਸਿੰਘ ਅਣਖੀ
ਡਾ. ਮਹਿੰਦਰ ਸਿੰਘ ਜੀ (ਸਾਬਕਾ ਸਕੱਤਰ SGPC ) ਨੂੰ ਸਿਰਪਾਓ ਤੇ ਸਨਮਾਨ ਚਿੰਨ੍ਹ ਬਖਸ਼ਿਸ਼ ਕਰਦੇ ਹੋਏ ।